20-AUG-PAGE-1.qxd 8/19/2023 10:40 PM Page 1

ਐਤਵਾਰ, 20 ਅਗਸਤ, 2023
4 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 79

ਨਵਾਂ ਜ਼ਮਾਨਾ

DAILY NAWAN ZAMANA • SUNDAY, 20 AUGUST, 2023

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ 8+6=14

ਡੈਮਾਂ 'ਚੋਂ ਪਾਣੀ ਛੱਡੇ ਜਾਣ ਨਾਲ ਕਈ ਪਿੰਡ ਹੜ੍ਹ ਦੀ ਮਾਰ ਹੇਠ

ਚੰਡੀਗੜ੍ਹ : ਹਿਮਾਚਲ ਪ੍ਰਦੇਸ਼ 'ਚ ਪਏ ਭਾਰੀ ਮੀਂਹ ਨੇ ਪੰਜਾਬ 'ਚ ਵੱਡੀ ਤਬਾਹੀ ਮਚਾਈ ਹੈ। ਨੱਕੋ-ਨੱਕ ਭਰੇ ਭਾਖੜਾ ਤੇ ਪੌਂਗ ਡੈਮ 'ਚੋਂ ਪਾਣੀ ਛੱਡਣ ਕਾਰਨ ਸਤਲੁਜ, ਬਿਆਸ ਸਮੇਤ ਸਾਰੀਆਂ ਨਦੀਆਂ 'ਚ ਪਾਣੀ ਦਾ ਪੱਧਰ ਵਧਿਆ ਹੋਇਆ ਹੈ। ਲੋਕ ਆਪਣੇ ਘਰ-ਬਾਰ ਛੱਡ ਕੇ ਸੁਰੱਖਿਅਤ ਟਿਕਾਣਿਆਂ 'ਤੇ ਜਾਣ ਨੂੰ ਮਜਬੂਰ ਹਨ। ਸਤਲੁਜ ਤੇ ਬਿਆਸ ਦੇ ਮਿਲਣ ਸਥਾਨ ਹਰੀਕੇ ਹੈੱਡਵਰਕਸ 'ਚ 2.62 ਲੱਖ ਕਿਊਸਿਕ ਪਾਣੀ ਆ ਚੁੱਕਾ ਹੈ ਤੇ ਇਹ ਲਗਾਤਾਰ ਵਧ ਰਿਹਾ ਹੈ, ਕਿਉਂਕਿ ਇਨ੍ਹਾਂ ਦੋਵਾਂ ਦਰਿਆਵਾਂ 'ਚ ਡੇਢ ਲੱਖ ਕਿਊਸਿਕ ਪਾਣੀ ਛੱਡਿਆ ਜ ਾ ● ਬਾਕੀ ਸਫ਼ਾ 2 'ਤੇ

ਹੁਣ ਤੱਕ 59 ਮੌਤਾਂ, 1778 ਪਿੰਡ ਪ੍ਰਭਾਵਤ

-ਮਾਨਸੂਨ ਸੀਜ਼ਨ 'ਚ ਭਾਰੀ ਮੀਂਹ ਦੇਖਣ ਨੂੰ ਮਿਲਿਆ, ਇਸ ਕਰਕੇ ਸੂਬੇ 'ਚ ਕਾਫੀ ਨੁਕਸਾਨ ਵੀ ਹੋਇਆ ਹੈ। ਇਸ ਸਾਲ ਮਾਨਸੂਨ ਸੀਜ਼ਨ 'ਚ ਹੁਣ ਤੱਕ 19 ਅਗਸਤ ਤੱਕ ਪੰਜਾਬ 'ਚ ਕੁੱਲ 59 ਮੌਤਾਂ ਹੋਈਆਂ ਅਤੇ 1778 ਪਿੰਡ ਪ੍ਰਭਾਵਤ ਹੋਏ। ਰੂਪਨਗਰ 'ਚ 3, ਫਤਿਹਗੜ੍ਹ ਸਾਹਿਬ 'ਚ 2, ਹੁਸ਼ਿਆਰਪੁਰ 'ਚ 3, ਮੁਹਾਲੀ 'ਚ 9, ਐੱਸ ਬੀ ਐੱਸ ਨਗਰ 'ਚ 1, ● ਬਾਕੀ ਸਫ਼ਾ 2 'ਤੇ

ਅਸੀਂ 'ਜੁਮਲੇ' ਨਹੀਂ ਸੁਣਾਉਂਦੇ, ਅਸੀਂ ਜੋ ਕਹਿੰਦੇ ਹਾਂ ਉਹ ਕਰਦੇ ਹਾਂ : ਭਗਵੰਤ ਮਾਨ

- ਕੇਜਰੀਵਾਲ ਨੇ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਭ੍ਰਿਸ਼ਟਾਚਾਰ ਮੁਕਤ ਛੱਤੀਸਗੜ੍ਹ ਬਣਾਉਣ ਦੀ ਗਾਰੰਟੀ ਦਿੱਤੀ

ਰਾਏਪੁਰ : ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸ਼ਨੀਵਾਰ ਛੱਤੀਸਗੜ੍ਹ ਪਹੁੰਚੇ ਅਤੇ ਇੱਕ ਟਾਊਨ ਹਾਲ ਮੀਟਿੰਗ ਨੂੰ ਸੰਬੋਧਨ ਕੀਤਾ, ਜਿੱਥੇ ਉਨ੍ਹਾ ਛੱਤੀਸਗੜ੍ਹ ਦੇ ਲੋਕਾਂ ਲਈ 'ਗਾਰੰਟੀ ਕਾਰਡ' ਜਾਰੀ ਕੀਤਾ। ਲੋਕਾਂ ਨੂੰ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੇ ਭਾਰਤੀ ਰਾਜਨੀਤੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਇਸ ਤੋਂ ਪਹਿਲਾਂ ਸਿਆਸੀ ਪਾਰਟੀਆਂ ਜਿੱਥੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕਰਦੀਆਂ ਸਨ, ਉੱਥੇ ਚੋਣ ਮਨੋਰਥ ਪੱਤਰ ਜਾਰੀ ਕਰਦੀਆਂ ਸਨ। ਇਹ ਮੈਨੀਫੈਸਟੋ ਝੂਠ ਨਾਲ ਭਰੇ ਹੋਏ ਹਨ, ਪਰ ਕੇਜਰੀਵਾਲ ਗਾਰੰਟੀ ਦਿੰਦੇ ਹਨ, ਇਸ ਲਈ ਇਹ 'ਗਾਰੰਟੀ ਕਾਰਡ' ਹਨ, ਜਿਸ 'ਚ ਕੇਜਰੀਵਾਲ ਦੀਆਂ 10 ਗਾਰੰਟੀਆਂ ਹਨ। ਉਨ੍ਹਾ ਕਿਹਾ ਕਿ ਅਸੀਂ ਦਿੱਲੀ ਅਤੇ ਪੰਜਾਬ 'ਚ ਪਹਿਲਾਂ ਹੀ ਇਨ੍ਹਾਂ ਗਾਰੰਟੀਆਂ ਨੂੰ ਪੂਰਾ ਕਰ ● ਬਾਕੀ ਸਫ਼ਾ 2 'ਤੇ

ਗੋਲੀਆਂ ਮਾਰ ਕੇ ਨੌਜਵਾਨ ਦਾ ਕਤਲ

ਅੰਮ੍ਰਿਤਸਰ : ਬੀਤੀ ਰਾਤ ਕਰੀਬ 12 ਵਜੇ ਗੁੰਨੋਵਾਲ ਰੋਡ 'ਤੇ ਸਥਿਤ ਸ਼ਮਸ਼ਾਨਘਾਟ ਸਾਹਮਣੇ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਰਾਮਸ਼ਰਨ ਉਰਫ ਬਾਬਾ ਜੰਡਿਆਲਾ ਗੁਰੂ-ਗੁੰਨੋਵਾਲ ਰੋਡ ਦਾ ਰਹਿਣ ਵਾਲਾ ਸੀ। ਉਸ ਦਾ ਬੀਤੀ ਰਾਤ ਕਰੀਬ 12 ਵਜੇ 5-6 ਨਕਾਬਪੋਸ਼ ਅਣਪਛਾਤਿਆਂ ਨੇ ਗੋਲੀਆਂ ● ਬਾਕੀ ਸਫ਼ਾ 2 'ਤੇ

ਲੌਗੋਵਾਲ ਵਿਸ਼ੇਸ਼ ਸਪਲੀਮੈਂਟ
ਸਹਿਯੋਗੀ ਸੱਜਣ

ਰੂਸ ਦਾ ਯੂਕਰੇਨ 'ਤੇ ਮਿਜ਼ਾਇਲ ਹਮਲਾ, 7 ਮੌਤਾਂ, 90 ਜ਼ਖ਼ਮੀ

ਕੀਵ : ਰੂਸ ਦੇ ਮਿਜ਼ਾਇਲ ਹਮਲੇ 'ਚ ਯੂਕਰੇਨ ਦੇ 7 ਲੋਕਾਂ ਦੀ ਮੌਤ ਹੋ ਗਈ। ਉਥੇ ਹੀ 90 ਲੋਕ ਜ਼ਖ਼ਮੀ ਹੋ ਗਏ। ਰਿਪੋਰਟਾਂ ਮੁਤਾਬਕ ਹਮਲਾ ਯੂਕਰੇਨ ਦੇ ਚੇਨਿਰਹੀਵ ਸ਼ਹਿਰ 'ਤੇ ਸ਼ਨੀਵਾਰ ਹੋਇਆ। ਜ਼ਖ਼ਮੀ ਹੋਏ ਲੋਕਾਂ 'ਚ 12 ਬੱਚੇ ਅਤੇ 10 ਪੁਲਸ ਮੁਲਾਜ਼ਮ ਵੀ ਸ਼ਾਮਲ ਹਨ। ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲੈਂਸਕੀ ਨੇ ਟੈਲੀਗ੍ਰਾਮ 'ਤੇ ਹਮਲੇ ਸੰਬੰਧੀ ਲਿਖਿਆ, 'ਰੂਸ ਨੇ ਇੱਕ ਹੋਰ ਦਿਨ ਨੂੰ ਦੁੱਖ ਅਤੇ ਤਕਲੀਫ 'ਚ ਬਦਲ ਦਿੱਤਾ। ਰੂਸ ਦੇ ਹਮਲੇ 'ਚ ਇੱਕ ਪਾਲੀਟੈਕਨੀਕਲ ਯੂਨੀਵਰਸਿਟੀ ਅਤੇ ਇੱਕ ਥੀਏਟਰ ਤਬਾਹ ਹੋਇਆ ਹੈ।' ਇਹ ਹਮਲਾ ਉਦੋਂ ਹੋਇਆ, ਜਦ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਜੰਗ ਨੂੰ ਲੀਡ ਕਰ ਰਹੇ ਜਨਰਲ ਨਾਲ ਮੁਲਾਕਾਤ ਕੀਤੀ ਸੀ।

ਹੇਮੰਤ ਸੋਰੇਨ ਨੂੰ ਈ ਡੀ ਨੇ ਨੋਟਿਸ ਭੇਜ 24 ਨੂੰ ਸੱਦਿਆ

ਰਾਂਚੀ : ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਦੂਜਾ ਸੰਮਨ ਭੇਜਿਆ ਹੈ। ਈ ਡੀ ਨੇ ਸੋਰੇਨ ਨੂੰ 24 ਅਗਸਤ ਨੂੰ ਰਾਂਚੀ ਜ਼ੋਨਲ ਦਫ਼ਤਰ 'ਚ ਪੁੱਛਗਿੱਛ ਲਈ ਪੇਸ਼ ਹੋਣ ਨੂੰ ਕਿਹਾ ਹੈ। ਈ ਡੀ ਦੇ ਅਧਿਕਾਰੀ ਮੁੱਖ ਮੰਤਰੀ ਸੋਰੇਨ ਤੋਂ ਉਨ੍ਹਾ ਦੀਆਂ ਅਤੇ ਪਰਵਾਰ ਦੀਆਂ ਜਾਇਦਾਦਾਂ ਬਾਰੇ ਵੀ ਪੁੱਛਗਿੱਛ ਕਰਨਗੇ।

ਇਸ ਤੋਂ ਪਹਿਲਾਂ ਅੱਠ ਅਗਸਤ ਈ ਡੀ ਨੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਸੰਮਨ ਭੇਜ ਕੇ 14 ਅਗਸਤ ਨੂੰ ਸੱਦਿਆ ਸੀ, ਪਰ ਉਹ ਈ ਡੀ ਦੇ ਸਾਹਮਣੇ ਪੇਸ਼ ਨਹੀਂ ਹੋਏ ਸਨ। ਉਨ੍ਹਾ ਈ ਡੀ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਸੰਮਨ ਵਾਪਸ ਲਓ, ਮੈਂ ਕਾਨੂੰਨੀ ਸਲਾਹ ਲੈ ਰਿਹਾ ਹਾਂ। ਉਥੇ ਹੀ ਪਿਛਲੇ ਸਾਲ ਤਿੰਨ ਨਵੰਬਰ ਨੂੰ ਗੈਰ-ਕਾਨੂੰਨੀ ਖਨਨ ਮਾਮਲੇ 'ਚ ਵੀ ਮੁੱਖ ਮੰਤਰੀ ਨੂੰ ਕੇਂਦਰੀ ਏਜੰਸੀ ਨੇ ਸੰਮਨ ਭੇਜ ਕੇ ਬੁਲਾਇਆ ਸੀ।

ਸਿੱਖਿਆ ਮੰਤਰੀ ਨੂੰ ਬਚਾਅ ਕਾਰਜਾਂ ਦੌਰਾਨ ਸੱਪ ਨੇ ਡੰਗਿਆ

ਚੰਡੀਗੜ੍ਹ : ਪੰਜਾਬ ਦੇ ਕਈ ਜ਼ਿਲ੍ਹਿਆਂ 'ਚ ਇਸ ਸਮੇਂ ਹੜ੍ਹ ਵਰਗੇ ਹਾਲਾਤ ਬਣੇ ਹੋਏ ਹਨ। ਮੁੱਖ ਮੰਤਰੀ ਭਗਵੰਤ ਮਾਨ ਅਤੇ ਹੋਰ ਮੰਤਰੀਆਂ ਵੱਲੋਂ ਮੌਕੇ 'ਤੇ ਜਾ ਕੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਇਸ ਮੌਕੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਮੌਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਜ਼ਹਿਰੀਲੇ ਸੱਪ ਨੇ ਡੰਗ ਮਾਰ ਦਿੱਤਾ, ਇਸ ਦੀ ਜਾਣਕਾਰੀ ਖੁਦ ਸਿੱਖਿਆ ਮੰਤਰੀ ਨੇ ਟਵੀਟ ਰਾਹੀਂ ਦਿੱਤੀ। ਹਰਜੋਤ ਸਿੰਘ ਬੈਂਸ ਨੇ ਟਵੀਟ ਕੀਤਾ ਕਿ ਪ੍ਰਮਾਤਮਾ ਦੀ ਅਪਾਰ ਬਖਸ਼ਿਸ਼ ਨਾਲ ਮੇਰੇ ਹਲਕਾ ਸ੍ਰੀ ਆਨੰਦਪੁਰ ਸਾਹਿਬ 'ਚ ਹੜ੍ਹਾਂ ਕਰਕੇ ਪਾਣੀ ਭਰਨ ਕਾਰਨ ਪੈਦਾ ਹੋਏ ਹਾਲਾਤ ਹੁਣ ਕਾਫੀ ਠੀਕ ਹਨ। 15 ਅਗਸਤ ਨੂੰ ਜਦੋਂ ਹਲਕੇ ਦੇ ਪਿੰਡਾਂ 'ਚ ਪਾਣੀ ਭਰਨ ਦੀ ਸੂਚਨਾ ਮਿਲੀ ਤਾਂ ਮੈਂ ਆਪਣੇ ● ਬਾਕੀ ਸਫ਼ਾ 2 'ਤੇ

ਸਾਡਾ ਸਾਬਣ ਈਕੋ ਫਰੈਂਡਲੀ : ਗਡਕਰੀ

ਨਵੀਂ ਦਿੱਲੀ : ਕੇਂਦਰੀ ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ ਤੋਂ ਜਦੋਂ ਦਾਗੀ ਨੇਤਾਵਾਂ ਦੇ ਭਾਜਪਾ 'ਚ ਸ਼ਾਮਲ ਹੋਣ 'ਤੇ ਪੁੱਛਿਆ ਗਿਆ ਕਿ ਭਾਜਪਾ ਵਾਲਾ ਜੋ ਸਾਬਣ ਹੈ, ਉਹ ਵਾਸ਼ਿੰਗ ਮਸ਼ੀਨ 'ਚ ਸਾਰਿਆਂ ਨੂੰ ਸਾਫ ਕਰ ਰਿਹਾ ਹੈ? ਤਾਂ ਉਨ੍ਹਾ ਜਵਾਬ ਦਿੰਦੇ ਹੋਏ ਕਿਹਾ—ਸਾਡਾ ਈਕੋ ਫਰੈਂਡਲੀ ਸਾਬਣ ਹੈ, ਦੇਖੋ ਰਾਜਨੀਤੀ 'ਚ ਲੋਕ ਆਉਂਦੇ-ਜਾਂਦੇ ਰਹਿੰਦੇ ਹਨ। ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਤੁਸੀਂ ਜ ਨ ਤਾ ● ਬਾਕੀ ਸਫ਼ਾ 2 'ਤੇ

ਰਾਹੁਲ ਦਾ ਵੱਖਰਾ ਅੰਦਾਜ਼ !

ਲੱਦਾਖ : ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ, ਜੋ ਇਸ ਸਮੇਂ ਲੱਦਾਖ ਦੀ ਯਾਤਰਾ 'ਤੇ ਹਨ, ਸ਼ਨੀਵਾਰ ਆਪਣੀ ਕੇ ਟੀ ਐੱਮ 390 ਡਿਊਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਲੇਹ ਸ਼ਹਿਰ ਤੋਂ ਖੂਬਸੂਰਤ ਪੈਂਗੌਂਗ ਝੀਲ ਤੱਕ ਪਹੁੰਚੇ। ਸੋਸ਼ਲ ਮੀਡੀਆ 'ਤੇ ਉਨ੍ਹਾ ਦੀਆਂ ਤਸਵੀਰਾਂ ਵਾਇਰਲ ਹੋ ਗਈਆਂ। ਰਾਹੁਲ ਗਾਂਧੀ ਨੇ ਲਿਖਿਆ, 'ਪੈਂਗੌਂਗ ਝੀਲ ਜਾ ਰਿਹਾ ਹਾਂ। ਮੇਰੇ ਪਿਤਾ ਕਹਿੰਦੇ ਸਨ ਕਿ ਇਹ ਦੁਨੀਆ ਦੇ ਸਭ ਤੋਂ ਖੂਬਸੂਰਤ ਸਥਾਨਾਂ 'ਚੋਂ ਇੱਕ ਹੈ।' ਰਾਹੁਲ ਗਾਂਧੀ 20 ਅਗਸਤ ਨੂੰ ਆਪਣੇ ਪਿਤਾ ਅਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਜਨਮ ਦਿਨ ਲੱਦਾਖ ਦੀ ਪੈਂਗੌਂਗ ਝੀਲ 'ਤੇ ਮਨਾਉਣਗੇ ਅਤੇ 25 ਅਗਸਤ ਨੂੰ 3 0 ● ਬਾਕੀ ਸਫ਼ਾ 2 'ਤੇ

ਅਮਰਨਾਥ ਯਾਤਰਾ ਦੌਰਾਨ 300 ਫੁੱਟ ਡੂੰਘੀ ਖੱਡ 'ਚ ਡਿਗ ਕੇ ਸ਼ਰਧਾਲੂ ਦੀ ਮੌਤ

ਸ੍ਰੀਨਗਰ : ਅਮਰਨਾਥ ਗੁਫਾ ਤੋਂ ਪਰਤਦੇ ਸਮੇਂ 50 ਸਾਲਾ ਸ਼ਰਧਾਲੂ ਦੀ ਦੇਰ ਰਾਤ ਮੌਤ ਹੋ ਗਈ, ਜਦੋਂ ਉਹ ਕਾਲੀ ਮਾਤਾ ਨੇੜੇ ਡਿੱਗ ਗਿਆ ਅਤੇ 300 ਫੁੱਟ ਹੇਠਾਂ ਡਿੱਗ ਗਿਆ।

ਮ੍ਰਿਤਕ ਦੀ ਪਛਾਣ ਵਿਜੇ ਕੁਮਾਰ ਸ਼ਾਹ ਵਜੋਂ ਹੋਈ ਹੈ, ਜੋ ਬਿਹਾਰ ਦੇ ਰੋਹਤਾਸ ਜ਼ਿਲ੍ਹੇ ਦੇ ਪਿੰਡ ਤੁੰਬਾ ਦਾ ਰਹਿਣ ਵਾਲਾ ਸੀ। ਹਾਦਸੇ 'ਚ ਵਿਜੈ ਕੁਮਾਰ ਦੇ ਨਾਲ ਮਹਿਲਾ ਮਮਤਾ ਕੁਮਾਰੀ ਜ਼ਖਮੀ ਹੋ ਗਈ।

ਗ਼ਦਰੀ ਬਾਬਿਆਂ ਦੇ ਮੇਲੇ ਸੰਬੰਧੀ ਤਿਆਰੀ ਮੀਟਿੰਗ

ਇਸ ਵਾਰ ਦਾ ਮੇਲਾ ਕਲਾ ਤੇ ਸੱਭਿਆਚਾਰ ਦੇ ਖੇਤਰ 'ਚ ਨਵਾਂ ਮੁਕਾਮ ਸਿਰਜੇਗਾ

ਜਲੰਧਰ (ਕੇਸਰ)-ਲੋਕ-ਪੱਖੀ ਸਾਹਿਤ, ਕਲਾ ਅਤੇ ਸੱਭਿਆਚਾਰ ਦੇ ਖੇਤਰ 'ਚ ਨਵਾਂ ਮੁਕਾਮ ਸਿਰਜਣ ਦਾ ਯਤਨ ਕਰੇਗਾ ਪਹਿਲੀ ਨਵੰਬਰ ਨੂੰ ਸਿਖ਼ਰਾਂ ਛੂਹਣ ਵਾਲਾ 32ਵਾਂ ਮੇਲਾ ਗ਼ਦਰੀ ਬਾਬਿਆਂ ਦਾ। ਸ਼ਨੀਵਾਰ ਸਥਾਨਕ ਪ੍ਰਮੁੱਖ ਤੌਰ 'ਤੇ ਪ੍ਰਬੰਧਕੀ ਜ਼ਿੰਮੇਵਾਰੀਆਂ ਓਟਣ ਵਾਲੇ ਲੇਖਕਾਂ, ਬੁੱਧੀਜੀਵੀਆਂ, ਸਾਹਿਤ ਅਤੇ ਕਲਾ ਖੇਤਰ ਦੇ ਕਾਮਿਆਂ ਅਤੇ ਉਪਰੰਤ ਕਮੇਟੀ ਦੇ ਸੱਭਿਆਚਾਰਕ ਵਿੰਗ ਦੀਆਂ ਉਪਰੋਥਲੀ ਦੋਵੇਂ ● ਬਾਕੀ ਸਫ਼ਾ 2 'ਤੇ

ਦੇਸ਼ ਭਗਤ ਯਾਦਗਾਰ ਹਾਲ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱ ਭਿ ਆ ਚਾ ਰ ਕ ਪਰਵਾਰ ਅਤੇ ਗ਼ਦਰੀ ਬਾਬਿਆਂ ਦੇ ਮੇਲੇ 'ਚ

ਅੰਤਰਰਾਸ਼ਟਰੀ ਆਤੰਕਵਾਦ ਦੌਰਾਨ ਮਾਰੇ ਗਏ ਨਿਰਦੋਸ਼ - ਪਿਡਿਤ - ਜਖਮੀ - ਪਲਾਯਨ - ਉਜਾੜੇ ਲੋਗ ਯਾਦਗਾਰ - ਸ਼ਰਧਾਂਜਲੀ ਦਿਵਸ 21 ਅਗਸਤ - ਅੰਤਰਰਾਸ਼ਟਰੀ ਆਤੰਕਵਾਦ ਮੁਕਾਬਲਾ - ਖਾਤਮਾ - ਯੋਜਨਾ ਮਾਨਵਅਧਿਕਾਰ ਜਨਮਸਿੱਧ ਅਜਾਦੀ ਦਿਵਸ - 21 ਅਗਸਤਪੰਜਾਬ ਨਰਸੰਹਾਰ ਤੇ ਹਿੰਦੂ ਜੀਨੋਸਾਈਡ 30 ਸਾਲ (1980 - 2010) ਆਜਤਕ ਸ਼ਹੀਦ ਬਲੀਦਾਨ ਯਾਦਗਾਰਦਿਵਸ - 21 ਅਗਸਤ - ਕਸ਼ਮੀਰ ਨਰਸੰਹਾਰ ਤੇ ਹਿੰਦੂ ਜੀਨੋਸਾਈਡ 30 ਸਾਲ (1989 - 2010) ਆਜਤਕ ਸ਼ਹੀਦ ਬਲੀਦਾਨ ਯਾਦਗਾਰਦਿਵਸ ਸੇਵਾ ਆਦਰ ਸਹਿਤ ਮੰਗ ਤੇ ਅਪੀਲ ਹੈ - ਯੂਨਾਇਟੇਡ ਨੇਸ਼ਨ ਨਿਊਯਾਰਕ ਅਮਰੀਕਾ - ਜਿਨੇਵਾ - ਸਵੀਜ਼ਰਲੈਂਡ ਦੇ ਸੇਕੈਟਰੀਅਟ ਜਨਰਲ ਐਸੰਬਲੀ ਦੇ ਸੰਸਾਰ ਦੇ ਦੇਸ਼ ਵਲੋਂ ਪਾਸ ਕੀਤਾ 21 ਔਗਸੁਤ ਦਾ ਪ੍ਰਸਤਾਵਮਤਾ- ਤੇ ਭਾਰਤ ਪੰਜਾਬ - ਕਸ਼ਮੀਰ ਅੰਤਰਰਾਸ਼ਟਰੀ ਮਾਨਵਅਧਿਕਾਰ ਕਿਮਸ਼ਨ ਚੰਡੀਗੜ੍ਹ - ਹਰਿਆਣਾ - ਦਿੱਲੀ - ਡੈਨਮਾਰਕ ਯੂਰੋਪ ਤੁਰੰਤ ਸਚਾਈ - ਜਾਂਚ ਪੜਤਾਲ - ਜਿੰਮੇਦਾਰੀ - ਦੋਸ਼ੀ - ਸਜਾ - ਮੁਆਵਜਾ - ਪੁਣਾਬਸੇਰਾ ਕਮੀਸ਼ਨ ਦੀ ਸਥਾਪਨਾ ਕੀਤੀ ਜਾਵੇ

ਹਮੇਸ਼ਾ ਯਾਦ ਰੱਖਣ ਯੋਗ - ਕਦੇਨਾ ਭੁਲਣਭਕਸ਼ਨ ਯੋਗ

ਪੰਜਾਬ ਤੇ ਕਸ਼ਮੀਰ ਹਿੰਦੂ ਨਰਸੰਹ ਦੇ ਅਨੇਕਾਂ ਵੱਡੇ ਵੱਡੇ ਨਰਸੰਹਾਰਾ ਦੀ ਸੂਚੀ

ਹਮੇਸ਼ਾ ਯਾਦ ਰੱਖਣ ਯੋਗ - ਕਦੇਨਾ ਭੁਲਣਭਕਸ਼ਨ ਯੋਗ

6 ਅਕਤੂਬਰ 1983 ਵਿਲਵਾਂ ਵਸ ਨਰ ਸੰਹਾਰ 6 ਮੋਤਾ - ਕਿਨਸ਼ਕ ਹਵਾਈ ਜਹਾਜ ਨਰ ਸੰਹਾਰ 23 ਜੂਨ 1985, 329 ਮੋਤਾ - ਕਬਰਵਾਲਾ ਅਭੋਹਰ ਬੱਸ ਨਰ ਸੰਹਾਰ 27 ਅਗਸਤ 1982, 18 ਮੋਤਾ 14 ਜਖਮੀ - ਲਾਲੜੂ ਬਸ ਨਰ ਸੰ

20-AUG-PAGE-1.qxd 8/19/2023 10:41 PM Page 2

ਮਿਸ਼ਨ ਤੰਦਰੁਸਤ ਪੰਜਾਬ ਤਹਿਤ ਕਰਾਏ ਮੁਕਾਬਲੇ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਸਰਕਾਰ ਦੁਆਰਾ ਚਲਾਏ ਜਾ ਰਹੇ ਪ੍ਰੋਗਰਾਮ ਮਿਸ਼ਨ ਤੰਦਰੁਸਤ ਪੰਜਾਬ ਦੇ ਤਹਿਤ ਸਿੱਖਿਆ ਵਿਭਾਗ ਪੰਜਾਬ, ਡਾਇਰੈਕਟੋਰੇਟ ਵਾਤਾਵਰਣ ਤਕਨਾਲੋਜੀ ਸਾਇੰਸ ਦੇ ਯਤਨਾਂ ਸਦਕਾ ਸ ਸ ਸਮਾਰਟ ਸ ਭੈਣੀ ਬਾਘਾ ਮਾਨਸਾ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿੱ) ਹਰਿੰਦਰ ਸਿੰਘ ਭੁੱਲਰ ਦੀ ਰਹਿਨੁਮਾਈ ਹੇਠ ਵੱਖ-ਵੱਖ ਗਤੀਵਿਧੀਆਂ ਕਰਾਈਆਂ ਗਈਆਂ, ਜਿਸ ਤਹਿਤ ਲੇਖ ਮੁਕਾਬਲੇ, ਭਾਸ਼ਨ, ਚਾਰਟ ਮੇਕਿੰਗ, ਕੁਇਜ਼, ਕਵਿਤਾ ਉਚਾਰਨ, ਜਿਸ 'ਚ ਸਿਹਤ ਸੰਭਾਲ, ਵਾਤਾਰਣ ਸਾਫ਼, ਸੜਕ ਸੁਰੱਖਿਆ, ਸੰਤੁਲਿਤ ਭੋਜਨ, ਨਸ਼ਿਆਂ ਖਿਲਾਫ਼ ਅਭਿਆਨ ਆਦਿ ਵਿਸ਼ੇ ਰੱਖੇ ਗਏ। ਇਸ ਸਮੇਂ ਰੈਲੀ ਵੀ ਕੱਢੀ ਗਈ। ਇਸ ਦੌਰਾਨ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਅਸ਼ੋਕ ਕੁਮਾਰ, ਪ੍ਰਿੰਸੀਪਲ ਓਮ ਪ੍ਰਕਾਸ਼ ਮਿੱਢਾ, ਸਪਰੋਟਸ ਕੋਆਰਡੀਨੇਟਰ ਅੰਮ੍ਰਿਤਪਾਲ ਸਿੰਘ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸਫ਼ਲਤਾ ਲਈ ਵਧਾਈ ਵੀ ਦਿੱਤੀ। ਸਕੂਲ ਇੰਚਾਰਜ ਮੈਡਮ ਯੋਗਿਤਾ ਜੋਸ਼ੀ ਨੇ ਸਾਰੇ ਵਿਸ਼ਿਆਂ 'ਤੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਦਿਲੋਂ ਖੁਸ਼ੀ ਦਾ ਇਜ਼ਹਾਰ ਕੀਤਾ। ਸਕੂਲ 'ਚ ਪ੍ਰੋਗਰਾਮ ਕਰਨ 'ਤੇ ਸਮੂਹ ਸਟਾਫ਼ ਨੇ ਪੂਰੀ ਸ਼ਿੱਦਤ ਨਾਲ ਡਿਊਟੀ ਨਿਭਾਈ। ਅਖੀਰ 'ਚ ਪ੍ਰੋਗਰਾਮ ਦੇ ਨੋਡਲ ਅਫ਼ਸਰ ਨਿਰਮਲ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ।

ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ ਦੀ ਬਰਲਿੰਗਟਨ ਇੰਗਲਿਸ਼ ਸਕੂਲ ਨਾਲ ਸਾਂਝੇਦਾਰੀ

ਮਹਿਲ ਕਲਾਂ (ਬਲਵਿੰਦਰ ਵਜੀਦ ਕਲਾਂ)-ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ ਬਰਲਿੰਗਟਨ ਇੰਗਲਿਸ਼ ਸਕੂਲ ਨਾਲ ਸਾਂਝੇਦਾਰੀ ਦਾ ਐਲਾਨ ਕਰਕੇ ਤਰੱਕੀ ਦੀਆਂ ਨਵੀਂਆਂ ਮੰਜ਼ਲਾਂ ਵੱਲ ਵਧ ਰਿਹਾ ਹੈ। ਇਹ ਦੁਨੀਆ ਭਰ ਦੇ 44 ਵੱਖ-ਵੱਖ ਦੇਸਾਂ ਵਿੱਚ ਮੌਜੂਦ ਹੈ। ਬਰਲਿੰਗਟਨ ਇੰਗਲਿਸ਼ ਸਕੂਲ ਵਿਦਿਆਰਥੀਆਂ ਦੀ ਬੋਲਣ, ਸੁਣਨ ਤੇ ਲਿਖਣ ਦੀਆਂ ਯੋਗਤਾਵਾਂ ਨੂੰ ਸੁਧਾਰਨ ਲਈ ਮਸ਼ਹੂਰ ਹੈ। ਪ੍ਰੋਜੈਕਟੇਬਲ ਇਨ-ਕਲਾਸ ਕੋਰਸ, ਛਪਣਯੋਗ ਵਰਕਸੀਟਾਂ ਤੇ ਵਿਦਿਆਰਥੀ-ਨਿਰਦੇਸ਼ਤ ਆਨਲਾਈਨ ਪਾਠਾਂ ਨੂੰ ਜੋੜ ਕੇ ਸਰਵਪੱਖੀ ਗਿਆਨ ਦਾ ਸਮਰਥਨ ਕਰਦਾ ਹੈ। ਗੁਰਪ੍ਰੀਤ ਹੋਲੀ ਹਾਰਟ ਪਬਲਿਕ ਸਕੂਲ ਮੁੱਖ ਤੌਰ 'ਤੇ ਇਸਦੀ ਸਿੱਖਿਆ ਦੀ ਗੁਣਵੱਤਾ ਦੇ ਨਾਲ-ਨਾਲ ਇਸ ਦੇ ਸੱਭਿਆਚਾਰ, ਕਦਰਾਂ-ਕੀਮਤਾਂ ਤੇ ਨੈਤਿਕ ਮਿਆਰਾਂ ਕਾਰਨ ਦੂਜੇ ਸਕੂਲਾਂ ਨਾਲੋਂ ਵੱਖਰਾ ਹੈ। ਇਸ ਤਰ੍ਹਾਂ ਦਾ ਸਹਿਯੋਗ ਸਾਡੇ ਬੱਚਿਆਂ ਦੀਆਂ ਪ੍ਰਤਿਭਾਵਾਂ ਵਿੱਚ ਸੁਧਾਰ ਕਰੇਗਾ ਤੇ ਉਨ੍ਹਾਂ ਨੂੰ ਵਿਸ਼ਵ ਭਰ ਵਿੱਚ ਤਰੱਕੀ ਦੀਆਂ ਨਵੀਂਆਂ ਮੰਜ਼ਲਾਂ ਨੂੰ ਸਰ ਕਰਨ ਵਿੱਚ ਮਦਦ ਕਰੇਗਾ। ਇਸ ਦੌਰਾਨ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰੀਮਾਨ ਸੁਸ਼ੀਲ ਗੋਇਲ, ਐਗਜੀਕਿਊਟਿਵ ਡਾਇਰੈਕਟਰ ਸ੍ਰੀਮਾਨ ਰਾਕੇਸ਼ ਬਾਂਸਲ, ਪ੍ਰਿੰਸੀਪਲ ਸ਼੍ਰੀਮਤੀ ਨੀਰਜ ਅਗਰਵਾਲ, ਵਾਇਸ ਪ੍ਰਿੰਸੀਪਲ ਸ਼੍ਰੀਮਤੀ ਪੂਜਾ ਸ਼ਰਮਾ ਤੇ ਪੀ. ਆਰ. ਓ. ਪ੍ਰਿਯੰਕਾ ਸੂਦ ਮੌਜੂਦ ਰਹੇ।

ਨਬੀਪੁਰ 'ਚ ਵੱਡੀ ਗਿਣਤੀ ਨੌਜਵਾਨ 'ਆਪ' 'ਚ ਸ਼ਾਮਲ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਨਬੀਪੁਰ ਵਿਖੇ ਬਲਕਾਰ ਸਿੰਘ ਦੀ ਅਗਵਾਈ ਦੇ ਵਿੱਚ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਿਧਾਇਕ ਲਖਵੀਰ ਸਿੰਘ ਰਾਏ ਤੇ ਮਾਰਕੀਟ ਕਮੇਟੀ ਸਰਹਿੰਦ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਆਉਣ ਵਾਲੀਆਂ ਚੋਣਾਂ ਦੇ ਸੰਬੰਧ ਵਿੱਚ ਪਾਰਟੀ ਵਰਕਰਾਂ ਦੇ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਉਪਰੰਤ ਪਾਰਟੀ ਦੀਆਂ ਗਤੀਵਿਧੀਆਂ ਤੋਂ ਪ੍ਰਭਾਵਤ ਨੌਜਵਾਨ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਵਿੱਚ ਸ਼ਾਮਲ ਹੋਏ, ਜਿਨ੍ਹਾਂ ਦਾ ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਸਿਰੋਪਾਓ ਦੇ ਕੇ ਪਾਰਟੀ ਦੇ ਵਿੱਚ ਸਵਾਗਤ ਕੀਤਾ ਗਿਆ। ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਹਿੱਤ ਵਿੱਚ ਚੰਗੇ ਫੈਸਲੇ ਲਏ ਜਾ ਰਹੇ ਹਨ, ਜਿਸ ਕਾਰਨ ਨੌਜਵਾਨ ਵਰਗ ਉਨ੍ਹਾਂ ਦੀਆਂ ਸੇਵਾਵਾਂ ਤੋਂ ਪ੍ਰਭਾਵਤ ਹੋ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਿਹਾ ਹੈ। ਨਬੀਪੁਰ ਵਿਖੇ ਵੀ ਵੱਡੀ ਗਿਣਤੀ ਦੇ ਵਿੱਚ ਨੌਜਵਾਨਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਹੈ। ਉਨ੍ਹਾਂ ਕਿਹਾ ਕਿ ਮੈਂ ਭਰੋਸਾ ਦਿਵਾਉਂਦਾ ਹਾਂ ਕਿ ਪਾਰਟੀ ਵਿੱਚ ਹਰ ਵਰਕਰ ਨੂੰ ਪੂਰਾ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਸੋਨੂ ਵੇਲਦਾਰ, ਰਾਜੂ ਬਿੱਟੂ, ਅਮਰੀਕ, ਦਰਸਨ ਸਿੰਘ ਗੋਲਡੀ, ਸੱਤੀ, ਕੁਲਦੀਪ ਸਿੰਘ, ਅਮਨ, ਕਾਲੂ ਰਾਮ, ਸੱਤਪਾਲ, ਜਸਪਾਲ, ਗੁਰਪ੍ਰੀਤ, ਗੁਰਸੇਵਕ, ਸਾ?ਦਰ ਰਾਮ, ਜਸਪਾਲ, ਮਨੋਹਰ, ਸੋਨੂੰ ਤੇ ਮਿੱਠਨ ਆਦਿ ਵੀ ਹਾਜ਼ਰ ਸਨ।

ਨਵ-ਨਿਯੁਕਤ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਦਾ ਸਨਮਾਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਬੀਬੀ ਹਰਗੋਬਿੰਦ ਕੌਰ ਨੂੰ ਪ੍ਰਧਾਨ ਇਸਤਰੀ ਅਕਾਲੀ ਦਲ ਦਾ ਅਹੁਦਾ ਸੌਂਪਿਆ ਗਿਆ। ਇਸ ਸਬੰਧੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਤੇ ਸਮੁੱਚੀ ਜੈਲ ਬਰੀਵਾਲਾ ਵੱਲੋਂ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਹਲਕਾ ਇੰਚਾਰਜ ਤੇ ਸਾਬਕਾ ਵਿਧਾਇਕ ਅਤੇ ਨਵ-ਨਿਯੁਕਤ ਪ੍ਰਧਾਨ ਬੀਬੀ ਹਰਗੋਬਿੰਦ ਕੌਰ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਅਹਿਮ ਮੀਟਿੰਗ ਉਪਰੰਤ ਮਨਜਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਬੀਬੀ ਹਰਗੋਬਿੰਦ ਕੌਰ ਦੀ ਨਿਯੁਕਤੀ ਨਾਲ ਔਰਤ ਵਰਗ ਵਿੱਚ ਜਾਗਰੂਕਤਾ ਪੈਦਾ ਹੋਵੇਗੀ, ਕਿਉਂਕਿ ਇਨ੍ਹਾਂ ਕੋਲ ਔਰਤਾਂ ਨੂੰ ਹਰ ਕਦਮ ਨਾਲ ਲੈ ਕੇ ਚੱਲਣ ਤੇ ਜੋੜਨ ਦੀ ਕਲਾ ਹੈ। ਬੀਬੀ ਹਰਗੋਬਿੰਦ ਕੌਰ ਨੇ ਸਮੁੱਚੀ ਅਕਾਲੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਪੱਧਰ ਤੋਂ ਲੈ ਕੇ ਇਸਤਰੀ ਅਕਾਲੀ ਦਲ ਦੀਆਂ ਇਕਾਈਆਂ ਬਣਾਈਆਂ ਜਾਣਗੀਆਂ, ਜਿਸ ਵਿੱਚ ਸੇਵਾ ਭਾਵਨਾ ਨਾਲ ਕੰਮ ਕਰਨ ਵਾਲੀਆਂ ਔਰਤਾਂ ਨੂੰ ਅਹੁਦੇ ਦਿੱਤੇ ਜਾਣਗੇ।

ਰੂਪ ਵਾਟਿਕਾ 'ਚ ਮਨਾਇਆ ਤੀਜ ਦਾ ਤਿਉਹਾਰ

ਜ ਗ ਰ ਾ ਉ_ ' (ਅਮਿਤ ਖੰਨਾ)-ਰੂਪ ਵਾਟਿਕਾ ਵਿੱਚ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਪਹਿਲੀ ਤੋਂ ਬਾਰ੍ਹਵੀਂ ਤੱਕ ਦੀਆਂ ਵਿਦਿਆਰਥਣਾਂ ਨੇ ਤੀਜ ਵਿੱਚ ਭਾਗ ਲਿਆ। ਸਕੂਲ ਦੇ ਪ੍ਰਿੰਸੀਪਲ ਵਿੰਮੀ ਠਾਕੁਰ ਨੇ ਇਸ ਸਮਾਗਮ ਦੀ ਸ਼ੁਰੂਆਤ ਕਰਾਈ। ਸਭ ਤੋਂ ਪਹਿਲਾਂ ਪਹਿਲੀ ਤੇ ਦੂਜੀ ਜਮਾਤ ਦੀ ਵਿਦਿਆਰਥਣਾਂ ਨੇ ਤੀਜ ਵਿੱਚ ਭਾਗ ਲਿਆ, ਜਿਸ ਵਿੱਚ ਮੁਟਿਆਰਾਂ ਨੇ ਪੰਜਾਬੀ ਲਿਬਾਸ ਵਿੱਚ ਰੈਂਪ ਵਾਕ ਕੀਤੀ। ਘੱਗਰੇ ਤੇ ਰੰਗ-ਬਿਰੰਗੇ ਸੂਟਾਂ ਵਿੱਚ ਛੋਟੀਆਂ-ਛੋਟੀਆਂ ਮੁਟਿਆਰਾਂ ਫਬ ਰਹੀਆਂ ਸਨ। ਸਕੂਲ ਦੇ ਪ੍ਰਿੰਸੀਪਲ ਵਿੰਮੀ ਠਾਕੁਰ ਨੇ ਪ੍ਰਾਇਮਰੀ ਵਿੰਗ ਦੀ ਮੁਟਿਆਰਾਂ ਵਿੱਚੋਂ ਮਿਸ ਤੀਜ ਦਾ ਖਿਤਾਬ ਪੰਜਵੀਂ ਜਮਾਤ ਦੀ ਅਗਮਖਾ ਨੂੰ ਦਿੱਤਾ ਗਿਆ ਤੇ ਲੀਸ ਪਹਿਨਾਇਆ। ਇਸ ਤੋਂ ਬਾਅਦ ਸੀਨੀਅਰ ਵਿੰਗ ਦੀ ਮੁਟਿਆਰਾਂ ਨੇ ਮਾਡਲਿੰਗ ਵਿੱਚ ਹਿੱਸਾ ਲਿਆ ਤੇ ਆਪਣੇ ਪੰਜਾਬੀ ਅੰਦਾਜ਼ ਨਾਲ ਮਾਡਲਿੰਗ ਕੀਤੀ। ਪ੍ਰਿੰਸੀਪਲ ਵਿੰਮੀ ਠਾਕੁਰ ਨੇ ਇਨ੍ਹਾਂ ਮੁਟਿਆਰਾਂ ਵਿਚੋਂ ਵੀ ਮਿਸ ਤੀਜ ਦਾ ਖਿਤਾਬ ਗਿਆਰ੍ਹਵੀਂ ਜਮਾਤ ਦੀ ਮਹਿਕ ਨੂੰ ਦਿੱਤਾ। ਸਕੂਲ ਦੇ ਪ੍ਰਿੰਸੀਪਲ ਨੇ ਮਿਸ ਤੀਜ ਨੂੰ ਲੀਸ਼ ਪਹਿਨਾਇਆ। ਇਸ ਤੋਂ ਬਾਅਦ ਵਿਦਿਆਰਥਣਾਂ ਨੇ ਕਈ ਤਰ੍ਹਾਂ ਦੇ ਗਰੁੱਪ ਡਾਂਸ, ਪਲੇਅ, ਗਿੱਧਾ, ਗਰੁੱਪ ਸੌਂਗ ਪੇਸ਼ ਕੀਤਾ। ਇਸ ਤੋਂ ਬਾਅਦ ਹਾਊਸ ਵਾਈਜ਼ ਮਹਿੰਦੀ ਕੰਪੀਟੀਸ਼ਨ ਹੋਇਆ, ਜਿਸ 'ਚ ਗ੍ਰੀਨ ਹਾਊਸ ਤੇ ਰੈੱਡ ਹਾਊਸ ਦੀਆਂ ਵਿਦਿਆਰਥਣਾਂ ਵਿਜੇਤਾ ਰਹੀਆਂ।

ਜਸਪਾਲ ਜੱਜ ਨੇ ਹਰਮਿਲਾਪੀ ਮੁਹੱਲੇ 'ਚ ਪੌਦੇ ਲਗਾਏ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ ਦੀ ਅਗਵਾਈ ਹੇਠ ਸਥਾਨਕ ਹਰਮਿਲਾਪੀ ਮੁਹੱਲੇ ਵਿਖੇ ਪੌਦੇ ਲਗਾਏ ਗਏ। ਇਸ ਮੌਕੇ ਮੁਹੱਲਾ ਵਾਸੀਆਂ ਦੇ ਸਹਿਯੋਗ ਨਾਲ ਵੱਖ-ਵੱਖ ਥਾਵਾਂ 'ਤੇ ਪੌਦੇ ਲਗਾਉਣ ਉਪਰੰਤ ਜਸਪਾਲ ਸਿੰਘ ਜੱਜ ਨੇ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਲਗਾਉਣੇ ਬਹੁਤ ਜ਼ਰੂਰੀ ਹਨ, ਕਿਉਂਕਿ ਘਟਦੇ ਜੰਗਲ ਮਨੁੱਖਤਾ ਲਈ ਘਾਤਕ ਹਨ। ਉਨ੍ਹਾ ਕਿਹਾ ਕਿ ਸਾਰੇ ਸ਼ਹਿਰ ਵਾਸੀਆਂ ਨੂੰ ਆਪਣੇ ਘਰਾਂ, ਨੇੜਲੇ ਪਾਰਕਾਂ ਤੇ ਸੜਕਾਂ ਦੇ ਕਿਨਾਰਿਆਂ 'ਤੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਅਤੇ ਸ਼ਹਿਰ ਨੂੰ ਹਰਿਆ-ਭਰਿਆ ਰੱਖਣ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ। ਇਸ ਮੌਕੇ ਕੁਲਦੀਪ ਸਿੰਘ, ਅਮਰੀਕ ਸਿੰਘ, ਗੁਰਜੀਤ ਸਿੰਘ, ਪਰਵਿੰਦਰ ਸਿੰਘ, ਪ੍ਰੀਤਮ ਸਿੰਘ, ਅਜੀਤ ਸਿੰਘ, ਰਵਿੰਦਰ ਸਿੰਘ, ਪਵਨ ਕੁਮਾਰ, ਗੁਰਮੀਤ ਸਿੰਘ, ਵਿਸ਼ਵਦੀਪ ਸਿੰਘ, ਸਤਪਾਲ ਸਿੰਘ, ਕਰਨ ਕੁਮਾਰ, ਚਰਨਜੀਤ ਕੌਰ, ਸੁਰਜੀਤ ਕੌਰ, ਸੰਤੋਸ਼ ਕੁਮਾਰੀ, ਸੁਨੀਤਾ ਰਾਣੀ ਤੇ ਰੀਨਾ ਰਾਣੀ ਮੌਜੂਦ ਸਨ।

ਵੀ ਸੀ ਡਾ. ਰਾਜੀਵ ਸੂਦ ਨੇ ਹੁਸੈਨੀਵਾਲਾ ਪੁੱਜ ਕੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਨਵੇਂ ਬਣੇ ਵਾਈਸ ਚਾਂਸਲਰ ਡਾ. ਰਾਜੀਵ ਸੂਦ ਦਾ ਸ਼ਹੀਦਾਂ ਦੀ ਧਰਤੀ ਫਿਰੋਜ਼ਪੁਰ ਵਿਖੇ ਪਹਿਲੀ ਫੇਰੀ 'ਤੇ ਨਿੱਘਾ ਸਵਾਗਤ ਕੀਤਾ ਗਿਆ।ਇਸ ਦੌਰਾਨ ਵੀ ਸੀ ਡਾ: ਸੂਦ ਨੇ ਪਹਿਲੀ ਵਾਰ ਫਿਰੋਜ਼ਪੁਰ ਪਹੁੰਚ ਕੇ ਸ਼ਹੀਦਾਂ ਨੂੰ ਮੱਥਾ ਟੇਕਿਆ।ਜਾਣਕਾਰੀ ਅਨੁਸਾਰ ਬਾਬਾ ਫ਼ਰੀਦ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਰਾਜੀਵ ਸੂਦ ਦਾ ਇੱਥੇ ਪੁੱਜਣ 'ਤੇ ਸੀ ਏ ਵਰਿੰਦਰ ਮੋਹਨ ਸਿੰਘਲ ਵੱਲੋਂ ਵੀ ਸੀ ਡਾ. ਰਾਜੀਵ ਸੂਦ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਉਹ ਸੀਮਾ ਸੁਰੱਖਿਆ ਬਲ ਦੇ ਸੀਈਓ ਸੁਰੇਸ਼ ਸੋਨਕਰ ਨੂੰ ਮਿਲੇ ਤੇ ਉਨ੍ਹਾਂ ਨਾਲ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ।ਇਸ ਤੋਂ ਬਾਅਦ ਉਹ ਸ਼ਹੀਦਾਂ ਦੀ ਸਮਾਧ ਹੁਸੈਨੀਵਾਲਾ ਵਿਖੇ ਪੁੱਜੇ ਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਅੱਗੇ ਮੱਥਾ ਟੇਕਿਆ ਅਤੇ ਸ਼ਰਧਾਂਜਲੀ ਭੇਟ ਕੀਤੀ।ਸ਼ਾਮ ਨੂੰ ਉਨ੍ਹਾਂ ਨੇ ਸਰਹੱਦ 'ਤੇ ਭਾਰਤ ਤੇ ਪਾਕਿਸਤਾਨ ਵਿਚਾਲੇ ਰਿਟਰੀਟ ਸਮਾਰੋਹ ਦੇਖਿਆ।ਇਸ ਦੌਰਾਨ ਉਨ੍ਹਾ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਫਲ ਤੇ ਮਠਿਆਈਆਂ ਭੇਟ ਕੀਤੀਆਂ।ਪਹਿਲੀ ਵਾਰ ਫਿਰੋਜ਼ਪੁਰ ਪਹੁੰਚਣ 'ਤੇ ਬੀ ਐੱਫ ਯੂ ਦੇ ਵੀ ਸੀ ਡਾ. ਰਾਜੀਵ ਸੂਦ ਫਿਰੋਜ਼ਪੁਰ ਦੇ ਸੀ ਏ ਵਰਿੰਦਰ ਮੋਹਨ ਸਿੰਘਲ ਵੱਲੋਂ ਕੀਤੀ ਮਹਿਮਾਨ ਨਿਵਾਜ਼ੀ ਤੋਂ ਪ੍ਰਭਾਵਿਤ ਹੋਏ।ਉਨ੍ਹਾ ਕਿਹਾ ਕਿ ਫਿਰੋਜ਼ਪੁਰ ਵਿੱਚ ਉਨ੍ਹਾਂ ਨੂੰ ਉਮੀਦ ਤੋਂ ਵੱਧ ਮਾਣ-ਸਨਮਾਨ ਮਿਲਿਆ ਹੈ, ਜਿਸ ਲਈ ਉਹ ਹਮੇਸ਼ਾ ਧੰਨਵਾਦੀ ਰਹਿਣਗੇ।ਉਨ੍ਹਾ ਕਿਹਾ ਕਿ ਉਹ ਬਹੁਤ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਫਿਰੋਜ਼ਪੁਰ ਦੇ ਸ਼ਹੀਦਾਂ ਦੀ ਧਰਤੀ 'ਤੇ ਜਾਣ ਦਾ ਮੌਕਾ ਮਿਲਿਆ ਹੈ ਤੇ ਉਹ ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਮੱਥਾ ਟੇਕਣ ਦੇ ਯੋਗ ਹੋਏ ਹਨ।ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਦੀ ਧਰਤੀ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ, ਜਿਸ ਲਈ ਉਹ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹਨ।

ਨੌਜਵਾਨ ਦੇ ਕਤਲ ਮਾਮਲੇ 'ਚ ਦੋ ਨਾਮਜ਼ਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਪਿੰਡ ਹਰੀਪੁਰ ਦੇ ਇੱਕ ਨੌਜਵਾਨ ਦੇ ਹੋਏ ਕਤਲ ਦੇ ਮਾਮਲੇ 'ਚ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਅ/ਧ 302 ਆਈ.ਪੀ.ਸੀ. ਤਹਿਤ ਮੁਕੱਦਮੇ 'ਚ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਰਛਪਾਲ ਸਿੰਘ ਵਾਸੀ ਪਿੰਡ ਹਰੀਪੁਰ ਨੇ ਦੱਸਿਆ ਕਿ ਉਸ ਦਾ ਪੁੱਤਰ ਮਨਪ੍ਰੀਤ ਸਿੰਘ (24) ਪਿੰਡ ਸੰਧਰੌਰ ਵਿਖੇ ਹੇਅਰ ਡਰੈਸਰ ਦੀ ਦੁਕਾਨ ਕਰਦਾ ਸੀ ਜੋ ਕਿ ਬੀਤੀ 10 ਅਗਸਤ ਨੂੰ ਘਰੋਂ ਕੰਮ 'ਤੇ ਗਿਆ, ਪਰ ਮੁੜ ਵਾਪਸ ਨਹੀਂ ਪਰਤਿਆ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਗੁਰਵਿੰਦਰ ਸਿੰਘ ਉਰਫ ਗੁਰੀ ਵਾਸੀ ਪਿੰਡ ਹਰਨਾ ਤੇ ਬਲਜਿੰਦਰ ਸਿੰਘ ਉਰਫ ਗੋਨਾ ਵਾਸੀ ਪਿੰਡ ਭਗੜਾਣਾ ਨੇ ਉਸ ਦ

20-August-PAGE-3-Majha.qxd 8/19/2023 10:55 PM Page 1

ਲਾਪਤਾ ਹੋਏ ਨੌਜਵਾਨ ਦੀ ਲਾਸ਼ ਮਿਲਣ 'ਤੇ ਸ਼ਹਿਰ 'ਚ ਮਾਤਮ

ਤਹਿਸੀਲ ਕੰਪਲੈਕਸ ਦੇ ਦੁਕਾਨਦਾਰਾਂ ਦੁਕਾਨਾਂ ਬੰਦ ਕਰਕੇ ਅਫਸੋਸ ਜਤਾਇਆ



ਪੱਟੀ (ਬਲਦੇਵ ਸਿੰਘ ਸੰਧੂ /ਸ਼ਸ਼ਸ਼ੇਰ ਸਿੰਘ ਯੋਧਾ) - ਤਹਿਸੀਲ ਕੰਪਲੈਕਸ ਅੰਦਰ ਫੋਟੋ ਸਟੇਟ ਦੀ ਦੁਕਾਨ ਦਾ ਮਾਲਕ ਵਿਜੇ ਕੁਮਾਰ ਬੀਤੇ ਕਈ ਦਿਨਾਂ ਤੋਂ ਲਾਪਤਾ ਸੀ। ਅੱਜ ਸਵੇਰੇ ਦਰਿਆ ਕੰਢੇ ਤੋਂ ਲਾਸ਼ ਮਿਲਣ ਨਾਲ ਸ਼ਹਿਰ ਅੰਦਰ ਮਾਤਮ ਦਾ ਮਾਹੌਲ ਹੈ। ਮ੍ਰਿਤਕ ਵਿਜੇ ਕੁਮਾਰ ਦੇ ਭਰਾ ਜੱਜ ਕੁਮਾਰ ਵਾਸੀ ਵਾਰਡ ਨੰ: 9 ਚੌਕ ਕਾਜ਼ੀਆਂ ਵਾਲਾ ਪੱਟੀ ਨੇ ਬੀਤੇ ਦਿਨੀਂ ਪੁਲਸ ਨੂੰ ਆਪਣੇ ਭਰਾ ਦੇ ਗੁੰਮ ਹੋਣ ਸੰਬੰਧੀ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦਾ ਭਰਾ ਵਿਜੈ ਕੁਮਾਰ ਤਹਿਸੀਲ ਕੰਪਲੈਕਸ ਪੱਟੀ ਵਿਖੇ ਫੋਟੋ ਸਟੇਟ ਦੀ ਦੁਕਾਨ ਕਰਦਾ ਸੀ।

ਬੀਤੀ 11 ਅਗਸਤ ਨੂੰ ਸਵੇਰੇ ਕਰੀਬ 10:00 ਉਸ ਦੇ ਭਰਾ ਦੀ ਦੁਕਾਨ 'ਤੇ ਪਿੰਡ ਮਾੜੀਮੇਘਾ ਦੇ ਕੁਝ ਵਿਅਕਤੀ ਆਪਣੇ ਨਾਲ ਕੁਝ ਅਣਪਛਾਤੇ ਵਿਅਕਤੀਆਂ ਨੂੰ ਲੈ ਕੇ ਆਏ ਜਿਨ੍ਹਾਂ 'ਚ ਇੱਕ ਵਿਅਕਤੀ ਆਪਣੇ ਆਪ ਨੂੰ ਪੱਤਰਕਾਰ ਦੱਸਦਾ ਪੱਤਰਕਾਰੀ ਦਾ ਰੋਅਬ ਝਾੜਦਾ ਹੋਇਆ ਮੇਰੇ ਨਾਲ ਹੱਥੋਪਾਈ ਵੀ ਹੋਇਆ। ਮੈਨੂੰ ਬਹੁਤ ਜ਼ਿਆਦਾ ਗਾਲੀ ਗਲੋਚ ਤੇ ਹਰਾਸਮੈਂਟ ਕੀਤਾ ਅਤੇ ਮੇਰੇ ਨਾਲ ਕੁੱਟਮਾਰ ਕੀਤੀ। ਮੇਰੇ ਕੋਲੋਂ ਮੋਬਾਇਲ ਖੋਹ ਕੇ ਲੈ ਗਏ। ਬਹੁਤ ਜ਼ਿਆਦਾ ਜ਼ਲੀਲ ਕੀਤਾ। ਇਸ ਲਈ ਮੈਂ ਹੁਣ ਹਰੀਕੇ ਦਰਿਆ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਦੇਣੀ ਹੈ । ਉਸ ਤੋਂ ਬਾਅਦ ਇਸ ਦਾ ਲਾਗਾਤਾਰ ਮੋਬਾਇਲ ਬੰਦ ਆ ਰਿਹਾ ਸੀ। ਅਸੀਂ ਉਸ ਸਮੇਂ ਤੋਂ ਹੀ ਆਪਣੇ ਭਰਾ ਵਿਜੈ ਕੁਮਾਰ ਦੀ ਭਾਲ ਕਰ ਰਹੇ ਹਾਂ । ਸਾਰੇ ਰਿਸ਼ਤੇਦਾਰਾਂ, ਸਕੇ ਸੰਬੰਧੀਆਂ ਅਤੇ ਨਜ਼ਦੀਕੀ ਵਿਅਕਤੀਆਂ ਤੋਂ ਵੀ ਪਤਾ ਕਰ ਲਿਆ ਪਰ ਸਾਨੂੰ ਨਹੀਂ ਮਿਲਿਆ। ਅੱਜ ਸਵੇਰੇ ਵਿਜੇ ਕੁਮਾਰ ਦੀ ਲਾਸ਼ ਮਿਲਣ ਕਾਰਨ ਪਰਵਾਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਸ਼ਹਿਰ ਅੰਦਰ ਮਾਤਮ ਦਾ ਮਾਹੌਲ ਛਾ ਗਿਆ। ਜਦੋਂ ਇਸ ਮਾਮਲੇ ਸੰਬੰਧੀ ਥਾਣਾ ਸਿਟੀ ਦੇ ਐੱਸ ਐਚ ਓ ਹਰਪ੍ਰੀਤ ਸਿੰਘ ਨਾਲ ਫੋਨ 'ਤੇ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ। ਜਦੋਂ ਡੀ ਐਸ ਪੀ ਪੱਟੀ ਜਸਪਾਲ ਸਿੰਘ ਨਾਲ ਫੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿਸੇ ਵੀ ਵਿਅਕਤੀ ਨੂੰ ਕਾਨੂੰਨ ਨੂੰ ਹੱਥ ਵਿਚ ਲੈਣ ਦਿੱਤਾ ਜਾਵੇਗਾ। ਜਿਹੜਾ ਵੀ ਵਿਅਕਤੀ ਜਾਂਚ ਦੌਰਾਨ ਦੋਸ਼ੀ ਪਾਇਆ ਗਿਆ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਭੁੱਲਰ ਤੇ ਡਿਪਟੀ ਕਮਿਸ਼ਨਰ ਨੇ ਰੈਸਕਿਊ ਓਪਰੇਸ਼ਨ ਦੀ ਕੀਤੀ ਅਗਵਾਈ

ਪੱਟੀ, (ਬਲਦੇਵ ਸਿੰਘ ਸੰਧੂ /ਸ਼ਸ਼ਸ਼ੇਰ ਸਿੰਘ ਯੋਧਾ) - ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਬਲਦੀਪ ਕੌਰ ਵੱਲੋਂ ਅੱਜ ਹਲਕਾ ਪੱਟੀ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਸਥਿਤੀ ਅਤੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਹੜ੍ਹ ਪ੍ਰਭਾਵਿਤ ਖੇਤਰਾਂ, ਜਿੱਥੇ ਲੋਕ ਪਾਣੀ ਵਿੱਚ ਘਿਰ ਗਏ ਹਨ, ਉਨ੍ਹਾਂ ਨੂੰ ਬਾਹਰ ਕੱਢਣ ਲਈ ਐਨ. ਡੀ. ਆਰ. ਐਫ. ਦੇ ਸਹਿਯੋਗ ਨਾਲ ਜਾਰੀ ਰੈਸਕਿਊ ਓਪਰੇਸ਼ਨ ਦੀ ਅਗਵਾਈ ਕੀਤੀ। ਕੈਬਨਿਟ ਮੰਤਰੀ ਭੁੱਲਰ ਤੇ ਡਿਪਟੀ ਕਮਿਸ਼ਨਰ ਨੇ ਸੰਬੰਧਤ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨਾਲ ਅੱਜ ਪਿੰਡ ਮੁੱਠਿਆਂਵਾਲਾ, ਸੀਤੋ ਮਹਿ ਝੁੱਗੀਆਂ, ਭੰਗਾਲਾ, ਤੂਤ, ਝੁੱਗੀਆਂ ਪੀਰ ਬਖਸ਼, ਝੁੱਗੀਆਂ ਨੱਥਾ ਸਿੰਘ ਅਤੇ ਕੋਟ ਬੁੱਢਾ ਆਦਿ ਪਿੰਡਾਂ ਦਾ ਦੌਰਾ ਕਰਦਿਆਂ ਹੜ੍ਹਾਂ ਨਾਲ ਪ੍ਰਭਾਵਤ ਇਲਾਕਿਆਂ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਲਾਲਜੀਤ ਸਿੰਘ ਭੁੱਲਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਕਿਉਂਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਲੋੜੀਂਦੇ ਪ੍ਰਬੰਧ ਕੀਤੇ ਹੋਏ ਹਨ। ਉਨ੍ਹਾ ਕਿਹਾ ਕਿ ਫਸਲਾਂ, ਪਸ਼ੂਆਂ, ਮਕਾਨ ਜਾਂ ਕਿਸੇ ਵੀ ਚੀਜ਼ ਦੇ ਨੁਕਸਾਨ ਦੀ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇਗੀ ਤਾਂ ਜੋ ਇਸ ਨੁਕਸਾਨ ਦਾ ਲੋਕਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾ ਸਕੇ। ਇਸ ਮੌਕੇ ਡਿਪਟੀ ਕਮਿਸ਼ਨਰ ਬਲਦੀਪ ਕੌਰ ਕਿਹਾ ਕਿ ਭਾਖੜਾ ਡੈਮ ਅਤੇ ਪੌਂਗ ਡੈਮ ਤੋਂ ਪਾਣੀ ਛੱਡਣ ਨਾਲ ਦਰਿਆ ਬਿਆਸ ਤੇ ਸਤਲੁਜ ਵਿੱਚ ਪਾਣੀ ਦੇ ਪੱਧਰ ਵਿੱਚ ਵਾਧਾ ਹੋਇਆ ਹੈ। ਉਨ੍ਹਾ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਚੌਕਸੀ ਵਰਤੀ ਜਾ ਰਹੀ ਹੈ। ਉਨ੍ਹਾ ਦਰਿਆ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੂੰ ਕਿਹਾ ਕਿ ਉਹ ਚੌਕਸੀ ਰੱਖਣ ਅਤੇ ਜਦੋਂ ਵੀ ਕਿਤੇ ਉਨ੍ਹਾਂ ਨੂੰ ਪਾਣੀ ਦਾ ਪੱਧਰ ਵਧਦਾ ਦਿਖਾਈ ਦੇਵੇ ਤਾਂ ਉਹ ਤੁਰੰਤ ਜ਼ਿਲ੍ਹਾ ਪੱਧਰੀ ਫਲੱਡ ਕੰਟਰੋਲ ਰੂਮ ਦੇ ਨੰਬਰ 01852-224107 'ਤੇ ਸੂਚਨਾ ਦੇਣ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਧੁੱਸੀ ਬੰਨ੍ਹ ਨੂੰ ਸੰਵੇਦਨਸ਼ੀਲ ਥਾਵਾਂ ਤੋਂ ਖੋਰਾ ਲੱਗਣ ਤੋਂ ਬਚਾਉਣ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਬੰਨ੍ਹ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਹੜ੍ਹਾਂ ਦੀ ਮਾਰ ਤੋਂ ਪ੍ਰਭਾਵਤ ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਦੇ ਨਾਲ-ਨਾਲ ਰਾਹਤ ਕੇਂਦਰਾਂ 'ਚ ਰਾਸ਼ਨ, ਪੀਣ ਵਾਲਾ ਪਾਣੀ, ਦਵਾਈਆਂ ਅਤੇ ਹੋਰ ਜ਼ਰੂਰੀ ਵਸਤਾਂ ਦੀ ਸਹੂਲਤ ਦਿੱਤੀ ਜਾ ਰਹੀ ਹੈ।

ਕਿਸਾਨ ਜਥੇਬੰਦੀ ਦੇ ਧਰਨੇ ਤੋਂ ਬਾਅਦ ਪਰਚਾ ਰੱਦ

ਬੱਸ-ਮੋਟਰਸਾਈਕਲ ਹਾਦਸਾਗ੍ਰਸਤ, ਇੱਕ ਦੀ ਮੌਤ

ਪੱਟੀ, (ਬਲਦੇਵ ਸਿੰਘ ਸੰਧੂ /ਸ਼ਸ਼ਸ਼ੇਰ ਸਿੰਘ ਯੋਧਾ) - ਬੀਤੇ ਕੱਲ੍ਹ ਹਰੀਕੇ ਝੀਲ ਦੇ ਕੰਢੇ ਵਾਪਰੇ ਮੋਟਰਸਾਈਕਲ-ਬੱਸ ਹਾਦਸੇ ਦੇ ਸ਼ਿਕਾਰ ਤਿੰਨ ਨੌਜਵਾਨਾਂ 'ਚੋਂ ਇਕ ਦੀ ਇਲਾਜ ਦੌਰਾਨ ਮੌਤ ਹੋ ਗਈ ਜਦੋਂ ਕਿ ਬਾਕੀ ਦੋ ਗੰਭੀਰ ਰੂਪ ਵਿਚ ਜ਼ਖਮੀ ਹਨ। ਜਿਸ 'ਤੇ ਅੱਜ ਦੋਹਾਂ ਧਿਰਾਂ ਦਰਮਿਆਨ ਸਮਝੌਤਾ ਹੋ ਗਿਆ।

ਵਿਡੰਬਨਾ ਇਹ ਹੈ ਕਿ ਹਰੀਕੇ ਪੁਲਸ ਨੇ ਰਾਜ਼ੀਨਾਮਾ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕਾਨੂੰਨੀ ਕਾਰਵਾਈ ਕਰਦਿਆਂ ਅਣਪਛਾਤੇ ਬੱਸ ਚਾਲਕ ਖਿਲਾਫ ਬਣਦੀਆਂ ਧਾਰਾਵਾਂ ਤਹਿਤ ਪਰਚਾ ਦਰਜ ਕਰ ਦਿੱਤਾ। ਪੀੜਤ ਧਿਰ ਦੀ ਤ੍ਰਾਸਦੀ ਨੂੰ ਵੇਖਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਆਗੂ ਇੰਦਰਜੀਤ ਸਿੰਘ ਕਲੀਵਾਲਾ ਸਾਹਿਬ ਸਿੰਘ ਦੀਨੇਕੇ, ਦਲਜੀਤ ਸਿੰਘ ਹਰੀਕੇ, ਸਤਨਾਮ ਸਿੰਘ ਗਿੱਲ, ਵੀਰ ਸਿੰਘ ਨਿਜਾਮਦੀਨਵਾਲਾ ਅਧਾਰਤ ਪੈਨਲ ਨੇ ਪੀੜਤ ਪਰਵਾਰ ਦੇ ਰਿਸ਼ਤੇਦਾਰਾਂ ਤੇ ਪਿੰਡ ਵਾਸੀਆਂ ਨਾਲ ਮਿਲ ਕੇ ਥਾਣੇ ਬਾਹਰ ਧਰਨਾ ਦਿੰਦਿਆਂ ਥਾਣਾ ਮੁਖੀ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਮੌਕੇ 'ਤੇ ਪਹੁੰਚੇ ਐਸ ਆਈ ਹਰਮਨਜੀਤ ਸਿੰਘ ਬੱਲ ਨੇ ਧਰਨਾ ਕਮੇਟੀ ਨਾਲ ਗੱਲਬਾਤ ਕਰਕੇ ਕੱਲ੍ਹ ਤੱਕ ਪਰਚਾ ਰੱਦ ਕਰਨ ਦਾ ਭਰੋਸਾ ਦਿਵਾਇਆ, ਜਿਸ ਤੋਂ ਬਾਅਦ ਧਰਨਾ ਸਮਾਪਤ ਹੋ ਗਿਆ।

ਕੱਲ੍ਹ ਵਾਪਰੇ ਹਾਦਸੇ ਦੌਰਾਨ ਮੋਟਰਸਾਈਕਲ ਸਵਾਰ ਜਸ਼ਨਦੀਪ ਸਿੰਘ, ਚੰਦਨ ਸਿੰਘ ਅਤੇ ਸ਼ੇਰਾ ਨਾਂਅ ਦੇ ਨੌਜਵਾਨ ਜ਼ਖਮੀ ਹੋਏ ਸਨ। ਜਿਨ੍ਹਾਂ ਵਿੱਚੋਂ ਅੱਜ ਜਸ਼ਨਦੀਪ ਸਿੰਘ ਨੇ ਮੈਡੀਕਲ ਕਾਲਜ ਫਰੀਦਕੋਟ ਵਿਖੇ ਇਲਾਜ ਦੌਰਾਨ ਦਮ ਤੋੜ ਦਿੱਤਾ।

ਮਾਨ ਸਰਕਾਰ ਹੜ੍ਹ ਪੀੜਤਾਂ ਦੀ ਮਦਦ ਕਰਨ 'ਚ ਬੁਰੀ ਤਰ੍ਹਾਂ ਅਸਫਲ

ਸਰਹਾਲੀ- ਪੰਜਾਬ ਦੀ ਮਾਨ ਸਰਕਾਰ ਹੜ੍ਹ ਪੀੜਤਾਂ ਲਈ ਮਦਦ ਕਰਨ 'ਚ ਬੁਰੀ ਤਰਾਂ ਅਸਫਲ ਰਹੀ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸੀ ਪੀ ਆਈ ਦੇ ਬਲਾਕ ਚੋਹਲਾ ਸਾਹਿਬ ਨੌਸ਼ਹਿਰਾ ਪੰਨੂਆਂ ਦੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਚੋਹਲਾ ਸਾਹਿਬ ਦੇ ਆਸ-ਪਾਸ ਦੇ ਪਿੰਡ ਦਰਿਆ ਦੇ ਪਾਣੀ ਨਾਲ ਡੁੱਬ ਰਹੇ ਹਨ।

ਖਡੂਰ ਸਾਹਿਬ ਦੇ ਹਲਕਾ ਵਿਧਾਇਕ ਨੇ ਹੜ੍ਹ ਪੀੜਤਾਂ ਦੀ ਮਦਦ ਤਾਂ ਕੀ ਕਰਨੀ, ਹੜ੍ਹ ਪੀੜਤਾਂ ਲਈ ਅਖਬਾਰਾਂ ਵਿੱਚ ਕੋਈ ਬਿਆਨ ਵੀ ਨਹੀਂ ਦਿੱਤਾ।

ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮੰਡ ਦੇ ਪਿੰਡਾਂ ਦੀ ਕਿਸੇ ਉਚ ਅਧਿਕਾਰੀ ਤੋਂ ਜਾਂਚ ਕਰਾ ਕੇ ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਦਿੱਤਾ ਜਾਵੇ । ਜੇ ਸਰਕਾਰ ਨੇ ਇਸ ਗੱਲ ਨੂੰ ਅਣਗੌਲਿਆ ਰੱਖਿਆ ਤਾਂ ਲੋਕ ਸੰਘਰਸ਼ ਵਿੱਢਣ ਲਈ ਤਿਆਰ ਹੋ ਜਾਣਗੇ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਦੀ ਸੰਗਤ ਦਾ ਸਵਾਗਤ ਤੇ ਸਤਿਕਾਰ ਕਰਨਾ ਸਾਡਾ ਮੁਢਲਾ ਫ਼ਰਜ਼ : ਭਾਈ ਗਰੇਵਾਲ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤ ਦੀ ਭਰਵੀਂ ਆਮਦ ਦੇ ਮੱਦੇਨਜ਼ਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿਥੇ ਲੋੜੀਂਦੇ ਪ੍ਰਬੰਧ ਕੀਤੇ ਜਾਂਦੇ ਹਨ, ਉਥੇ ਹੀ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਅੰਦਰ ਸੇਵਾ ਨਿਭਾਅ ਰਹੇ ਕਰਮਚਾਰੀਆਂ ਵੱਲੋਂ ਨਿਭਾਈ ਜਾਂਦੀ ਭੂਮਿਕਾ ਵੀ ਬੇਹੱਦ ਅਹਿਮ ਹੈ। ਇਨ੍ਹਾਂ ਕਰਮਚਾਰੀਆਂ ਨੂੰ ਸਮੇਂ-ਸਮੇਂ 'ਤੇ ਡਿਊਟੀ ਪ੍ਰਤੀ ਚੇਤੰਨ ਕਰਨ ਲਈ ਕੀਤੀਆਂ ਜਾਂਦੀਆਂ ਇਕੱਤਰਤਾਵਾਂ ਤਹਿਤ ਅੱਜ ਇਕ ਵਿਸ਼ੇਸ਼ ਬੈਠਕ ਕੀਤੀ ਗਈ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਸ਼ਾਮਲ ਹੋ ਕੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਭਾਈ ਗਰੇਵਾਲ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਰ ਸ਼ਰਧਾਲੂ ਸ਼ਰਧਾ ਤੇ ਸਤਿਕਾਰ ਦੀ ਭਾਵਨਾ ਨਾਲ ਪੁੱਜਦਾ ਹੈ, ਜਿਸ ਦਾ ਸਵਾਗਤ ਅਤੇ ਸਤਿਕਾਰ ਕਰਨਾ ਸਾਡਾ ਮੁਢਲਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਦੀ ਨਿਰੰਤਰ ਵਧਦੀ ਆਮਦ ਕਾਰਨ ਪ੍ਰਬੰਧਾਂ 'ਚ ਸਮੇਂ-ਸਮੇਂ ਲੋੜੀਂਦੀਆਂ ਤਬਦੀਲੀਆਂ ਅਤੇ ਚੇਤਨਤਾ 'ਚ ਪੁਖਤਗੀ ਬਹੁਤ ਜ਼ਰੂਰੀ ਹੈ। ਜੇਕਰ ਕਿਸੇ ਵੀ ਕਾਰਨ ਸ਼ਰਧਾਲੂ ਦੇ ਮਨ ਨੂੰ ਠੇਸ ਪੁੱਜਦੀ ਹੈ ਤਾਂ ਉਸ ਦਾ ਅਸਰ ਸਿੱਖ ਸੰਸਥਾ 'ਤੇ ਪੈਣਾ ਕੁਦਰਤੀ ਹੈ।

ਉਨ੍ਹਾ ਕਿਹਾ ਕਿ ਗਰਮੀ ਦੀਆਂ ਛੁੱਟੀਆਂ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤਾਂ ਦੀ ਵੱਡੀ ਹਾਜ਼ਰੀ ਦੌਰਾਨ ਸੇਵਾਦਾਰਾਂ ਵੱਲੋਂ ਤਨਦੇਹੀ ਨਾਲ ਨਿਭਾਈ ਡਿਊਟੀ ਸ਼ਲਾਘਾਯੋਗ ਹੈ ਅਤੇ ਭਵਿੱਖ ਅੰਦਰ ਵੀ ਇਸੇ ਦਿਸ਼ਾ ਵਿਚ ਹੀ ਸੇਵਾਵਾਂ ਦੀ ਆਸ ਕਰਦੇ ਹਾਂ।

ਸੂਬੇ ਨੂੰ ਰੰਗਲਾ ਪੰਜਾਬ ਨੂੰ ਬਣਾਉਣ ਲਈ ਸਰਕਾਰ ਹਰ ਵਰਗ ਲਈ ਲੈ ਰਹੀ ਨਿਵੇਕਲੇ ਫੈਸਲੇ: ਸੇਖਵਾਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਨਗਰ ਕੌਂਸਲ ਦਫਤਰ ਧਾਰੀਵਾਲ ਵਿਖੇ ਦੇਸ਼ ਦੀ ਆਜ਼ਾਦੀ ਦਾ 77ਵਾਂ ਦਿਵਸ ਮਨਾਇਆ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਅਸ਼ਵਨੀ ਦੁੱਗਲ ਅਤੇ ਮਾਰਕੀਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ ਰਿਕਾ ਖੁੰਡਾ ਨੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਸਮੂਹ ਹਾਜ਼ਰੀਨ ਨੇ ਰਾਸ਼ਟਰੀ ਗਾਣ ਗਾਇਆ। ਰਾਸ਼ਟਰੀ ਝੰਡੇ ਨੂੰ ਪੁਲਸ ਦੀ ਟੁਕੜੀ ਨੇ ਸਲਾਮੀ ਦਿੱਤੀ। ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੌਰਾਨ ਸਕੂਲਾਂ ਦੇ ਬੱਚਿਆਂ ਨੇ ਦੇਸ਼ ਭਗਤੀ ਦਾ ਪ੍ਰੋਗਰਾਮ ਪੇਸ਼ ਕੀਤਾ। ਸਮਾਗਮ ਦੌਰਾਨ ਚੇਅਰਮੈਨ ਜਗਰੂਪ ਸੇਖਵਾਂ ਨੇ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਅਤੇ ਸ਼ਹੀਦੀ ਪ੍ਰਵਾਨਿਆਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਸੂਬੇ ਨੂੰ ਰੰਗਲਾ ਪੰਜਾਬ ਨੂੰ ਬਣਾਉਣ ਲਈ ਨਿਵੇਕਲੇ ਫੈਸਲੇ ਲੈ ਕੇ ਹਰ ਵਰਗ ਨੂੰ ਸਹੂਲਤਾਂ ਦੇਣ ਦੇ ਨਾਲ ਖਜ਼ਾਨਾ ਵੀ ਭਰ ਰਹੀ ਹੈ। ਉਨ੍ਹਾਂ ਕਿਹਾ ਸ਼ਹਿਰ ਦੇ ਸੀਵਰੇਜ ਲਈ 68 ਕਰੋੜ ਰੁਪਏ ਦਾ ਐਸਟੀਮੇਟ ਚੰਡੀਗੜ੍ਹ ਸੀਵਰੇਜ ਬੋਰਡ ਕੋਲ ਪਹੁੰਚ ਚੁੱਕਾ ਹੈ, ਜਲਦ ਇਹ ਕੰਮ ਸ਼ੁਰੂ ਹੋ ਜਾਵੇਗਾ। ਕੂੜਾ ਡੰਪ ਵਾਸਤੇ 80 ਲੱਖ ਰੁਪਏ ਦੀ ਗ੍ਰਾਂਟ ਜਾਰੀ ਹੋ ਚੁੱਕੀ ਹੈ। ਅੰਤ 'ਚ ਮੁੱਖ ਮਹਿਮਾਨ ਸੇਖਵਾਂ ਵੱਲੋਂ ਮੁੱਖ ਸਖਸ਼ੀਅਤਾਂ ਅਤੇ ਹੋਣਹਾਰ ਸਕੂਲੀ ਬੱਚਿਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਕੌਂਸਲਰ ਰਜਿੰਦਰ ਲਵਲੀ, ਸਰਪੰਚ ਜਤਿੰਦਰ ਕੌਰ ਖੁੰਡੀ, ਥਾਣਾ ਮੁਖੀ ਰਜਿੰਦਰ ਕੌਰ, ਡਾ: ਕਮਲਜੀਤ ਸਿੰਘ ਕੇਜੇ, ਗੁਰਨਾਮ ਸਿੰਘ ਬੁੱਟਰ, ਗੁਰਦੇਵ ਸਿੰਘ ਸ਼ਾਹੀ, ਰਾਕੇਸ਼ ਵਿਲੀਅਮ, ਐਡਵੋਕੇਟ ਇੰਦਰਜੀਤ ਸਿੰਘ ਬਾਜਵਾ, ਐਡਵੋਕੇਟ ਸ਼ਿਵਚਰਨ ਸਿੰਘ ਮਾਨ,ਕਰਮਜੀਤ ਸਿੰਘ ਢਿੱਲੋਂ, ਪੰਚ ਸੁਖਵਿੰਦਰ ਸਿੰਘ ਪਸਨਾਵਾਲ, ਪਰਮਜੀਤ ਸਿੰਘ ਜੌਹਲ, ਇੰਜੀ. ਜਤਿੰਦਰਪਾਲ ਸਿੰਘ, ਐਸਡੀ

20-AUG-PAGE-4.qxd 8/19/2023 10:44 PM Page 1

ਨਵ-ਵਿਆਹੁਤਾ ਦੀ ਭੇਦਭਰੀ ਹਾਲਤ 'ਚ ਮੌਤ, ਸਹੁਰਾ ਪਰਵਾਰ 'ਤੇ ਮਾਮਲਾ ਦਰਜ

ਮਲੋਟ ਵਿਖੇ ਸਿਵਲ ਹਸਪਤਾਲ ਪਹੁੰਚੇ ਲੜਕੀ ਦੇ ਪਰਿਵਾਰਕ ਮੈਂਬਰ।

ਮਲੋਟ (ਗੁਰਮੀਤ ਸਿੰਘ ਮੱਕੜ)

ਰਾਜਸਥਾਨ ਦੇ ਪਿੰਡ ਭਗਤਪੁਰਾ (ਸੰਗਰੀਆ) ਦੇ ਰਹਿਣ ਵਾਲੀ ਲੜਕੀ ਰਮਨਦੀਪ ਕੌਰ ਦਾ ਮਲੋਟ ਦੇ ਨਜ਼ਦੀਕ ਪਿੰਡ ਔਲਖ ਦੇ ਰਣਜੀਤ ਸਿੰਘ ਨਾਲ ਕਰੀਬ 6 ਮਹੀਨੇ ਪਹਿਲਾਂ ਵਿਆਹ ਹੋਇਆ ਸੀ। ਲੜਕੀ ਦੇ ਪਰਿਵਾਰਕ ਮੈਂਬਰਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਆਪਣੀ ਹੈਸੀਅਤ ਤੋਂ ਵੱਧ ਵਿਆਹ 'ਤੇ ਖਰਚ ਕੀਤਾ। ਵਿਆਹ ਤੋਂ ਥੋੜ੍ਹੇ ਸਮੇਂ ਬਾਅਦ ਹੀ ਸਹੁਰਾ ਪਰਿਵਾਰ ਹੋਰ ਦਾਜ ਦੀ ਮੰਗ ਕਰਨ ਲੱਗ ਪਏ ਸਨ ਤੇ ਲੜਕੀ ਦੀ ਕੁੱਟਮਾਰ ਕਰਦੇ ਸਨ, ਪ੍ਰੰਤੂ ਲੜਕੀ ਨੇ ਆਪਣੇ ਪਰਵਾਰ ਨੂੰ ਕੋਈ ਗੱਲ ਨਹੀਂ ਦੱਸੀ ਤਾਂ ਜੋ ਝਗੜਾ ਨਾ ਵੱਧ ਜਾਵੇ, ਪ੍ਰੰਤੂ ਇਨ੍ਹਾਂ ਲੋਕਾਂ ਦਾ ਲਾਲਚ ਦਿਨੋਂ ਦਿਨ ਵਧਦਾ ਗਿਆ, ਜਦੋਂ ਕੱਲ੍ਹ ਉਨ੍ਹਾਂ ਨੂੰ ਸੂਚਨਾ ਮਿਲੀ ਤਾਂ ਉਨ੍ਹਾਂ ਜਾ ਕੇ ਦੇਖਿਆ ਕਿ ਉਨ੍ਹਾਂ ਦੀ ਲੜਕੀ ਬੈੱਡ 'ਤੇ ਪਈ ਸੀ, ਜਿਸ ਦੇ ਸੱਟਾਂ ਦੇ ਨਿਸ਼ਾਨ ਸਨ ਅਤੇ ਉਸ ਦੀ ਮੌਤ ਹੋ ਚੁੱਕੀ ਸੀ। ਉਨ੍ਹਾਂ ਨੂੰ ਸ਼ੱਕ ਹੈ ਕਿ ਉਨ੍ਹਾਂ ਦੀ ਲੜਕੀ ਦਾ ਕਤਲ ਕੀਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਲੜਕੀ ਦੇ ਪਤੀ ਰਣਜੀਤ ਸਿੰਘ ਤੇ ਉਸ ਦੇ ਮਾਤਾ-ਪਿਤਾ ਖਿਲਾਫ ਕਰਵਾਈ ਕੀਤੀ ਜਾਵੇ।

ਦੂਜੇ ਪਾਸੇ ਮਲੋਟ ਪੁਲਸ ਦੇ ਉੱਪ ਕਪਤਾਨ ਫਤਿਹ ਸਿੰਘ ਬਰਾੜ ਨੇ ਦੱਸਿਆ ਕਿ ਲੜਕੀ ਦੇ ਪਰਿਵਾਰਕ ਮੈਂਬਰਾਂ ਨੇ ਸਹੁਰਾ ਪਰਿਵਾਰ 'ਤੇ ਦਾਜ ਦਹੇਜ ਮੰਗਣ ਤੇ ਕੁੱਟਮਾਰ ਕਰਨ ਦੇ ਦੋਸ਼ ਲਗਾਏ ਹਨ। ਥਾਣਾ ਸਦਰ ਮਲੋਟ ਦੀ ਪੁਲਸ ਨੇ ਤਿੰਨ ਲੋਕਾਂ ਖਿਲਾਫ ਧਾਰਾ 304 ਤੇ 34 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰ ਲਿਆ ਹੈ ਤੇ ਜਾਂਚ ਚੱਲ ਰਹੀ ਹੈ ਅਤੇ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਪੰਜਾਬ ਦੀ ਦੂਜੀ ਵਾਰ ਹੜ੍ਹਾਂ ਕਾਰਨ ਤਬਾਹੀ ਲਈ ਮਾਨ ਸਰਕਾਰ ਜ਼ਿੰਮੇਵਾਰ : ਪਰਮਜੀਤ ਢਿੱਲੋਂ

ਸਮਰਾਲਾ (ਸੁਰਜੀਤ ਸਿੰਘ)-ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਢਿੱਲੋਂ ਨੇ ਪੰਜਾਬ ਵਿੱਚ ਹੜ੍ਹਾਂ ਕਾਰਨ ਦੂਜੀ ਵਾਰ ਹੋਈ ਵੱਡੇ ਪੱਧਰ 'ਤੇ ਤਬਾਹੀ ਲਈ ਪੰਜਾਬ ਦੀ ਮਾਨ ਸਰਕਾਰ ਨੂੰ ਮੁਕੰਮਲ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾ ਕਿਹਾ ਕਿ ਅਜੇ ਤਾਂ ਪਹਿਲੇ ਹੜ੍ਹਾਂ ਦੇ ਨੁਕਸਾਨ ਦਾ ਮੁਆਵਜ਼ਾ ਲੋਕਾਂ ਨੂੰ ਨਹੀਂ ਦਿੱਤਾ ਗਿਆ, ਹੁਣ ਦੂਜੀ ਵਾਰੀ ਫੇਰ ਸਰਕਾਰ ਦੀ ਨਲਾਇਕੀ ਕਾਰਨ ਪੰਜਾਬ ਦੇ ਲੋਕ ਹੜ੍ਹਾਂ ਦਾ ਪ੍ਰਕੋਪ ਝੱਲ ਰਹੇ ਹਨ। ਉਨ੍ਹਾ ਕਿਹਾ ਕਿ ਜਦੋਂ ਭਾਖੜਾ ਮੈਨੇਜਮੈਂਟ ਬੋਰਡ ਨੇ 24 ਘੰਟੇ ਪਹਿਲਾਂ ਪਾਣੀ ਛੱਡਣ ਦਾ ਅਲਟੀਮੇਟਮ ਦੇ ਦਿੱਤਾ ਸੀ ਤਾਂ ਸਰਕਾਰ ਸਮਾਂ ਰਹਿੰਦੀਆਂ ਕਿਉਂ ਨਹੀਂ ਜਾਗੀ। ਕਿਉਂ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਆਪਣੇ ਹੀ ਹਾਲ 'ਤੇ ਛੱਡ ਦਿੱਤਾ, ਜਿਸ ਨਾਲ ਕਈ ਕੀਮਤੀ ਜਾਨਾਂ ਚਲੀਆਂ ਗਈਆਂ। ਪਸ਼ੂ ਧਨ ਦਾ ਭਾਰੀ ਨੁਕਸਾਨ ਹੋਇਆ ਤੇ ਜੋ ਫਸਲਾਂ ਦਾ ਉਜਾੜਾ ਹੋਇਆ, ਉਸ ਨੇ ਤਾਂ ਪੰਜਾਬ ਦੇ ਕਿਸਾਨ ਨੂੰ ਕੰਗਾਲ ਹੀ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਹੜ੍ਹਾਂ ਤੋਂ ਪਹਿਲਾਂ ਸਰਕਾਰ ਵੱਲੋਂ ਬਚਾਓ ਦੇ ਪੁਖਤਾ ਪ੍ਰਬੰਧ ਨਾ ਕਰਨ ਕਰਕੇ ਇਹ ਹਾਲ ਹੋਇਆ ਹੈ। ਉਨ੍ਹਾ ਕਿਹਾ ਕਿ ਐੱਨ ਡੀ ਆਰ ਐੱਫ ਦੀਆਂ ਟੀਮਾਂ ਨੇ ਰਾਤ ਵੇਲੇ ਰੈਸਕਿਊ ਕਰਨ 'ਤੇ ਇਨਕਾਰ ਕਰ ਦਿੱਤਾ। ਉਨ੍ਹਾ ਨੂੰ ਸਰਕਾਰ ਵੱਲੋਂ ਪਹਿਲਾਂ ਚੌਕਸ ਨਹੀਂ ਕੀਤਾ ਗਿਆ ਸੀ। ਉਨ੍ਹਾ ਕਿਹਾ ਕਿ ਪਹਿਲੇ ਹੜ੍ਹਾਂ ਕਾਰਨ 1300 ਕਰੋੜ ਦਾ ਨੁਕਸਾਨ ਹੋਇਆ ਤੇ ਜੋ ਪਸ਼ੂ ਧਨ ਦਾ ਨੁਕਸਾਨ ਹੋਇਆ, ਉਸ ਦੀ ਕੋਈ ਗਿਣਤੀ ਹੀ ਨਹੀਂ। ਉਨ੍ਹਾ ਕਿਹਾ ਕਿ ਪਹਿਲੇ ਹੜ੍ਹਾਂ ਦੇ ਨੁਕਸਾਨ ਕਾਰਨ ਸਰਕਾਰ ਨੇ ਲੋਕਾਂ ਨੂੰ ਮੁਆਵਜ਼ੇ ਦੀ ਥਾਂ ਕੁੱਝ ਨਹੀਂ ਦਿੱਤਾ। ਉਨ੍ਹਾ ਕਿਹਾ ਕਿ ਕਈ ਇਲਾਕੇ ਤਾਂ ਹੜ੍ਹਾਂ ਦੀ ਦੋਹਰੀ ਮਾਰ ਝੱਲ ਰਹੇ ਹਨ। ਅਕਾਲੀ ਆਗੂ ਨੇ ਕਿਹਾ ਕਿ ਸਰਕਾਰ ਆਪਣੇ ਪ੍ਰਚਾਰ ਤੰਤਰ ਰਾਹੀਂ ਵੱਡੇ ਵੱਡੇ ਦਾਅਵੇ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ, ਜਦਕਿ ਅਸਲੀਅਤ ਕੁੱਝ ਹੋਰ ਹੀ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਪੰਜਾਬ ਹੈਲੀਕੌਪਟਰ ਰਾਹੀਂ ਪੰਜਾਬ ਦੇ ਖਜ਼ਾਨੇ ਦਾ ਪੈਸਾ ਖਰਚ ਕੇ ਦੂਜੇ ਸੂਬਿਆਂ 'ਚ ਜਾ ਰਿਹਾ ਹੈ, ਜਦਕਿ ਉਸ ਨੂੰ ਆਪਣੇ ਘਰ ਪੰਜਾਬ ਦੀ ਤਬਾਹੀ ਨਜ਼ਰ ਨਹੀਂ ਆ ਰਹੀ। ਉਨ੍ਹਾ ਕਿਹਾ ਕਿ ਹੜ੍ਹ ਪੀੜਤਾਂ ਦੀ ਮਦਦ ਸਰਕਾਰ ਦੀ ਬਜਾਏ ਆਮ ਆਦਮੀ ਕਰ ਰਿਹਾ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਲੋਕਾਂ ਦੀ ਗਰਾਊਂਡ ਲੈਵਲ 'ਤੇ ਮਦਦ ਕਰਨ ਦੀ ਬਜਾਏ ਕਦੇ ਕਿਸ਼ਤੀ ਵਿੱਚ ਬੈਠ ਕੇ ਫੋਟੋ ਸੈਸ਼ਨ ਕਰਦੇ ਹਨ ਤੇ ਕਦੇ ਬੁਲਡੋਜ਼ਰ ਨਾਲ ਜੱਫੀ ਪਾ ਕੇ ਫੋਟੋ ਖਿਚਵਾਉਂਦੇ ਹਨ। ਉਨ੍ਹਾ ਕਿਹਾ ਕਿ ਸਰਕਾਰ ਦਿੱਲੀ ਦੇ ਹੁਕਮਾਂ 'ਤੇ ਚੱਲਣਾ ਬੰਦ ਕਰੇ। ਉਨ੍ਹਾ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਦਿੱਲੀ ਤਾਂ ਪੰਜਾਬ ਦੇ ਲੋਕਾਂ ਨੇ ਜਿੱਤ ਕੇ ਦਾਨ ਵਿੱਚ ਦੇ ਦਿੱਤੀ ਸੀ। ਉਨ੍ਹਾ ਮਾਨ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਮੁੱਦਿਆਂ 'ਤੇ ਆਉਣ ਤੇ ਲੋਕਾਂ ਦੀ ਮਦਦ ਕਰਨ।

ਸਿਹਤ ਵਿਭਾਗ ਦੇ ਮੁਲਾਜ਼ਮ 24 ਨੂੰ ਚੰਡੀਗੜ੍ਹ 'ਚ ਦੇਣਗੇ ਧਰਨਾ : ਆਗੂ

ਕੋਟ ਈਸੇ ਖਾਂ (ਅਰੋੜਾ)-ਸਿਹਤ ਵਿਭਾਗ ਦੀ ਸਿਰਮੌਰ ਜਥੇਬੰਦੀ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਕੁਲਬੀਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ 24 ਅਗਸਤ ਨੂੰ ਡਾਇਰੈਕਟਰ ਚੰਡੀਗੜ੍ਹ ਵਿਖੇ ਵਿਸ਼ਾਲ ਧਰਨਾ ਮਾਰ ਕੇ ਉੱਥੋਂ ਦਾ ਘੇਰਾਓ ਕੀਤਾ ਜਾਵੇਗਾ। ਇਸ ਬਾਰੇ ਬਲਾਕ ਕੋਟ ਈਸੇ ਖਾਂ ਦੀ ਜਥੇਬੰਦਕ ਮੀਟਿੰਗ ਵਿੱਚ ਜਾਣਕਾਰੀ ਦਿੰਦੇ ਹੋਏ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਦੇ ਬਲਾਕ ਪ੍ਰਧਾਨ ਪਰਮਿੰਦਰ ਕੁਮਾਰ ਬੱਡੂਵਾਲ, ਦੇਵਿੰਦਰ ਸਿੰਘ ਤੂਰ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਮੋਗਾ, ਸੀਨੀਅਰ ਆਗੂ ਜਤਿੰਦਰ ਸੂਦ ਤੇ ਜਨਰਲ ਸਕੱਤਰ ਕੰਵਲਜੀਤ ਕੌਰ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਸਬੰਧੀ ਜਥੇਬੰਦੀ ਵੱਲੋਂ ਪਹਿਲਾਂ ਕਈ ਵਾਰ ਡਾਇਰੈਕਟਰ ਸਿਹਤ ਵਿਭਾਗ ਤੇ ਸਿਹਤ ਮੰਤਰੀ ਨਾਲ ਮੀਟਿੰਗ ਕੀਤੀ ਜਾ ਚੁੱਕੀ ਹੈ, ਪਰ ਹਰ ਵਾਰ ਮੰਗਾਂ ਜਲਦੀ ਮੰਨਣ ਸਬੰਧੀ ਭਰੋਸਾ ਦੇ ਕੇ ਟਾਲ ਦਿੱਤਾ ਜਾਂਦਾ ਰਿਹਾ ਹੈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਸੀਨੀਅਰ ਆਗੂ ਐੱਲ ਐੱਚ ਵੀ ਦਲਜੀਤ ਕੌਰ, ਮੀਤ ਪ੍ਰਧਾਨ ਬਲਰਾਜ ਸਿੰਘ, ਕੁਲਵੰਤ ਸਿੰਘ ਤੇ ਏ ਐੱਨ ਐੱਮ ਬਲਜਿੰਦਰ ਕੌਰ ਨੇ ਕਿਹਾ ਕਿ ਹੁਣ ਮੁਲਾਜ਼ਮ, ਪੰਜਾਬ ਸਰਕਾਰ ਤੇ ਡਾਇਰੈਕਟਰ ਸਿਹਤ ਵਿਭਾਗ ਦੇ ਲਾਰਿਆਂ ਤੋਂ ਪੂਰੀ ਤਰ੍ਹਾਂ ਅੱਕ ਚੁੱਕੇ ਹਨ, ਜਿਸ ਕਰਕੇ 24 ਅਗਸਤ ਨੂੰ ਸਿਹਤ ਵਿਭਾਗ ਦੇ ਸਮੁੱਚੇ ਮੇਲ ਤੇ ਫੀਮੇਲ ਮੁਲਾਜ਼ਮਾਂ ਵੱਲੋਂ ਵੱਡੇ ਪੱਧਰ 'ਤੇ ਡਾਇਰੈਕਟਰ ਦਫਤਰ ਦਾ ਘੇਰਾਓ ਕੀਤਾ ਜਾਵੇਗਾ। ਇਸ ਸਮੇਂ ਯੂਨੀਅਨ ਦੇ ਮੈਂਬਰ ਵੱਡੀ ਗਿਣਤੀ 'ਚ ਹਾਜ਼ਰ ਸਨ।

ਥਾਣਾ ਮੁਖੀਆਂ ਦੇ ਤਬਾਦਲੇ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਵੱਲੋਂ ਫੀਲਡ 'ਚ ਤਾਇਨਾਤ ਕੁਝ ਪੁਲਸ ਅਧਿਕਾਰੀਆਂ ਦੇ ਤਬਾਦਲੇ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਮੁਤਾਬਿਕ ਥਾਣਾ ਮੂਲੇਪੁਰ ਦੇ ਐੱਸ.ਐੱਚ.ਓ. ਇੰਸਪੈਕਟਰ ਸੰਦੀਪ ਸਿੰਘ ਨੂੰ ਇੰਚਾਰਜ ਸਾਈਬਰ ਸੈੱਲ ਫ਼ਤਹਿਗੜ੍ਹ ਸਾਹਿਬ, ਇੰਸਪੈਕਟਰ ਕੁਲਬੀਰ ਸਿੰਘ ਨੂੰ ਸਪੈਸ਼ਲ ਬ੍ਰਾਂਚ ਤੋਂ ਬਦਲ ਕੇ ਐੱਸ.ਐੱਚ.ਓ. ਥਾਣਾ ਬ੡ਾਲੀ ਆਲਾ ਸਿੰਘ, ਐੱਸ.ਐੱਚ.ਓ. ਥਾਣਾ ਸਰਹਿੰਦ ਇੰਸਪੈਕਟਰ ਗੁਰਦੀਪ ਸਿੰਘ ਨੂੰ ਐੱਸ.ਐੱਚ.ਓ. ਥਾਣਾ ਮੂਲੇਪੁਰ, ਇੰਸਪੈਕਟਰ ਰਣਦੀਪ ਕੁਮਾਰ ਨੂੰ ਪੁਲਸ ਲਾਈਨਜ਼ ਤੋਂ ਬਦਲ ਕੇ ਐੱਸ.ਐੱਚ.ਓ. ਥਾਣਾ ਅਮਲੋਹ, ਐੱਸ.ਐੱਚ.ਓ. ਥਾਣਾ ਬ੡ਾਲੀ ਆਲਾ ਸਿੰਘ ਥਾਣੇਦਾਰ ਨਰਪਿੰਦਰਪਾਲ ਸਿੰਘ ਨੂੰ ਐੱਸ.ਐੱਚ.ਓ. ਥਾਣਾ ਸਰਹਿੰਦ, ਐੱਸ.ਐੱਚ.ਓ. ਥਾਣਾ ਅਮਲੋਹ ਥਾਣੇਦਾਰ ਸਾਹਿਬ ਸਿੰਘ ਨੂੰ ਪੁਲਸ ਲਾਈਨਜ਼ ਫ਼ਤਹਿਗੜ੍ਹ ਸਾਹਿਬ ਤੇ ਸਹਾਇਕ ਥਾਣੇਦਾਰ ਕਸ਼ਮੀਰ ਕੌਰ ਨੂੰ ਪੁਲਸ ਲਾਈਨਜ਼ ਤੋਂ ਬਦਲ ਕੇ ਸਾਈਬਰ ਸੈੱਲ ਫ਼ਤਹਿਗੜ੍ਹ ਸਾਹਿਬ ਵਿਖੇ ਤਾਇਨਾਤ ਕੀਤਾ ਗਿਆ ਹੈ।

ਨਜਾਇਜ਼ ਸ਼ਰਾਬ ਕੱਢਦੇ ਦੋ ਜਣੇ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਅਮਲੋਹ ਵਿਖੇ ਇੱਕ ਮਕਾਨ 'ਚ ਨਜਾਇਜ਼ ਸ਼ਰਾਬ ਕੱਢ ਰਹੇ ਦੋ ਵਿਅਕਤੀਆਂ ਨੂੰ ਚਲਦੀ ਭੱਠੀ ਸਮੇਤ ਅਮਲੋਹ ਪੁਲਸ ਵੱਲੋਂ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਮੁਖਬਰੀ ਮਿਲੀ ਸੀ ਅਮਲੋਹ ਦੀ ਮੰਡੀ ਗੋਬਿੰਦਗੜ੍ਹ ਰੋਡ 'ਤੇ ਇੱਕ ਖਾਲੀ ਮਕਾਨ 'ਚ ਕੁਝ ਵਿਅਕਤੀ ਗੈਸ ਚੁੱਲ੍ਹੇ ਦੀ ਮਦਦ ਨਾਲ ਨਜਾਇਜ਼ ਸ਼ਰਾਬ ਕੱਢ ਰਹੇ ਹਨ। ਮੁਖਬਰੀ ਮਿਲਣ ਉਪਰੰਤ ਸਹਾਇਕ ਥਾਣੇਦਾਰ ਮੋਹਨ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਨੇ ਛਾਪੇਮਾਰੀ ਕਰਦਿਆਂ ਸ਼ਰਾਬ ਕਸੀਦ ਰਹੇ ਕੁਲਦੀਪ ਸਿੰਘ ਤੇ ਜਗਦੀਪ ਸਿੰਘ ਉਰਫ ਜੱਗੀ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਖਾਲੀ ਡਰੱਮ, ਗੈਸ ਚੁੱਲ੍ਹਾ ਤੇ ਸ਼ਰਾਬ ਦੀਆਂ ਦੋ ਬੋਤਲਾਂ ਨੂੰ ਕਬਜ਼ੇ 'ਚ ਲੈਂਦੇ ਹੋਏ ਅਮਲੋਹ ਪੁਲਸ ਵੱਲੋਂ ਕੁਲਦੀਪ ਸਿੰਘ ਵਾਸੀ ਪਿੰਡ ਖਨਿਆਣ ਤੇ ਜਗਦੀਪ ਸਿੰਘ ਉਰਫ ਜੱਗੀ ਵਾਸੀ ਕੁਆਰਟਰ ਸਿਵਲ ਹਸਪਤਾਲ ਅਮਲੋਹ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਕਾਤਰਾਂ

ਰਿਜਨਲ ਸੈਂਟਰ ਦੀ ਨਵ-ਉਸਾਰੀ ਜਲਦ ਹੋਵੇ : ਅਨੁਰਾਗ ਸ਼ਰਮਾ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਪਿਛਲੇ ਲੰਬੇ ਸਮੇਂ ਤੋਂ ਸ੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀਆਂ ਤੇ ਮਾਪਿਆਂ ਦੀ ਲਟਕਦੀ ਮੰਗ ਨੂੰ ਧਿਆਨ 'ਚ ਰੱਖਦੇ ਹੋਏ ਐਡਵੋਕੇਟ ਅਨੁਰਾਗ ਸ਼ਰਮਾ ਨੇ ਮੰਗ ਕੀਤੀ ਹੈ ਕਿ ਰੀਜਨਲ ਸੈਂਟਰ ਦੀ ਨਵੀਂ ਇਮਾਰਤ ਦੀ ਉਸਾਰੀ ਜਲਦ ਹੋਵੇ। ਰੀਜਨਲ ਸੈਂਟਰ ਦੀ ਇਮਾਰਤ ਤਰਸਯੋਗ ਹੈ, ਰੀਜਨਲ ਸੈਂਟਰ ਵਿੱਚ ਸ੍ਰੀ ਮੁਕਤਸਰ ਸਾਹਿਬ ਦੇ ਆਸ-ਪਾਸ ਦੇ ਸ਼ਹਿਰਾਂ ਤੇ 200 ਪਿੰਡਾਂ ਦੇ ਵਿਦਿਆਰਥੀ ਉਚੇਰੀ ਸਿੱਖਿਆ ਪਾਪ੍ਰਤ ਕਰਨ ਲਈ ਆਉਂਦੇ ਹਨ। ਸੈਂਟਰ ਨੂੰ ਆਉਣ-ਜਾਣ ਲਈ ਆਵਾਜਾਈ ਦੇ ਸਾਧਨ ਬਹੁਤ ਘੱਟ ਹਨ। ਵਿਦਿਆਰਥੀ ਤੇ ਮਾਪਿਆਂ ਨੂੰ ਆਉਣ-ਜਾਣ 'ਚ ਬਹੁਤ ਮੁਸ਼ਕਲ ਆਉਂਦੀ ਹੈ। ਰੀਜਨਲ ਸੈਂਟਰ ਕਿਰਾਏ ਦੀ ਇਮਾਰਤ 'ਚ ਚੱਲ ਰਿਹਾ ਹੈ। ਰੀਜਨਲ ਸੈਂਟਰ ਦੀ ਇਮਾਰਤ ਬਹੁਤ ਤਰਸਯੋਗ ਹੈ। ਅਨੁਰਾਗ ਸ਼ਰਮਾ ਨੇ ਦੱਸਿਆ ਕਿ ਸਰਕਾਰੀ ਕਾਲਜ ਨੇ ਆਪਣੇ ਹਿੱਸੇ 'ਚੋਂ 5 ਕਿੱਲੇ ਜ਼ਮੀਨ ਰੀਜਨਲ ਸੈਂਟਰ ਨੂੰ ਦਿੱਤੀ ਹ, ਉਸ ਦੀ ਚਾਰਦੀਵਾਰੀ ਹੋ ਚੁੱਕੀ ਹੈ। ਨਕਸ਼ੇ ਦੀ ਦੇਰੀ ਕਰਕੇ ਸੈਂਟਰ ਦੀ ਨਵਉਸਾਰੀ ਨਹੀਂ ਹੋ ਰਹੀ। ਲੰਬੇ ਸਮੇਂ ਤੋਂ ਸ੍ਰੀ ਮੁਕਤਸਰ ਸਾਹਿਬ ਦੇ ਨਿਵਾਸੀਆਂ ਦੀ ਮੰਗ ਹੈ ਕਿ ਰੀਜਨਲ ਸੈਂਟਰ ਦੀ ਨਵੀਂ ਉਸਾਰੀ ਹੋਵੇ।

ਬਲੀਏਵਾਲ ਸਰਕਾਰੀ ਰੇਤ ਖੱਡ ਮੁਅੱਤਲ

ਮਾਛੀਵਾੜਾ ਸਾਹਿਬ (ਸ਼ੋਕੀ ਸ਼ਰਮਾ, ਜਗਦੀਸ਼ ਰਾਏ)-ਮਾਈਨਿੰਗ ਵਿਭਾਗ ਵੱਲੋਂ ਪੱਤਰ ਜਾਰੀ ਕਰ ਕੂੰਮਕਲਾਂ ਥਾਣਾ ਅਧੀਨ ਪੈਂਦੀ ਸਰਕਾਰੀ ਰੇਤ ਖੱਡ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਵਿਭਾਗ ਵੱਲੋਂ ਇਸ ਖੱਡ ਨੂੰ ਚਲਾਉਣ ਵਾਲੀ ਕੰਪਨੀ ਮੈਸ ਪਿੰਜੋਰ ਰਿਐਲਿਟੀ ਕੰਪਨੀ ਨੂੰ ਪੱਤਰ ਜਾਰੀ ਕਰਦਿਆਂ ਕਿਹਾ ਕਿ ਲੰਘੀ 14-8-2023 ਨੂੰ ਇੱਕ ਰਿਪੋਰਟ ਪ੍ਰਾਪਤ ਹੋਈ, ਜਿਸ ਵਿੱਚ ਥਾਣਾ ਕੂੰਮਕਲਾਂ ਵੱਲੋਂ ਬਲੀਏਵਾਲ ਰੇਤ ਖੱਡ ਵਿੱਚ ਰਾਤ ਸਮੇਂ 2 ਮਸ਼ੀਨਾਂ ਦੀ ਵਰਤੋਂ ਕਰ ਰੇਤੇ ਦੀਆਂ ਟਰਾਲੀਆਂ ਭਰੀਆਂ ਗਈਆਂ, ਜੋ ਕਿ ਅਪਰਾਧਕ ਘਟਨਾ ਹੈ, ਇਸ ਲਈ ਮਾਈਨਿੰਗ ਦੇ ਰੂਲਜ਼ 43 ਦੀ ਉਲੰਘਣਾ ਹੈ। ਇਸ ਦੇ ਮੱਦੇਨਜ਼ਰ ਤੁਰੰਤ ਖੱਡ ਬਲੀਏਵਾਲ ਨੂੰ ਮੁਅੱਤਲ ਕੀਤਾ ਜਾਂਦਾ ਹੈ।

24 ਨੂੰ ਦਿੱਲੀ ਕਨਵੈਨਸ਼ਨ 'ਚ ਸ਼ਾਮਲ ਹੋਣ ਦਾ ਫੈਸਲਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪਿੰਡ ਰੁਪਾਣਾ ਵਿਖੇ ਕਾਮਰੇਡ ਮਲਕੀਤ ਸਿੰਘ ਫੱਤਣਵਾਲਾ ਦੀ ਪ੍ਰਧਾਨਗੀ ਹੇਠ 21 ਮੈਂਬਰੀ ਸੰਘਰਸ਼ ਕਮੇਟੀ ਨਿਯੁਕਤ ਕੀਤੀ ਗਈ। ਇਸ ਮੌਕੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਮੇਜਰ ਸਿੰਘ ਸੀਰਵਾਲੀ ਤੇ ਬਲਾਕ ਪ੍ਰਧਾਨ ਜੰਗੀਰ ਸਿੰਘ ਰੁਪਾਣਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਮੋਦੀ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ। ਉਨ੍ਹਾਂ ਸਾਰੇ ਸਾਥੀਆਂ ਨੂੰ ਅਪੀਲ ਕੀਤੀ ਕਿ 24 ਅਗਸਤ ਨੂੰ ਦਿੱਲੀ ਵਿਖੇ ਹੋ ਰਹੀ ਕਨਵੈਨਸ਼ਨ 'ਚ ਵੱਡੀ ਗਿਣਤੀ 'ਚ ਸ਼ਾਮਲ ਹੋਣ। ਇਸ ਮੌਕੇ ਸੁਖਦੇਵ ਸਿੰਘ, ਬਲਵੀਰ ਸਿੰਘ, ਚੜ੍ਹਤ ਸਿੰਘ, ਤੋਤਾ ਸਿੰਘ ਤੇ ਕੇਸਰਾਂ ਦੇਵੀ ਰੁਪਾਣਾ, ਮਨਜੀ

20-AUG-PAGE-5.qxd 8/19/2023 10:43 PM Page 1

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਜਥੇਬੰਦੀਆਂ ਵੱਲੋਂ ਐੱਮ ਪੀਜ਼ ਤੇ ਐੱਮ ਐੱਲ ਏਜ਼ ਦੇ ਘਰਾਂ ਅੱਗੇ ਧਰਨੇ

ਬੁਢਲਾਡਾ/ਬਰੇਟਾ (ਅਸ਼ੋਕ ਲਾਕੜਾ/ਗੋਬਿੰਦ ਸ਼ਰਮਾ)

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਵਿਸ਼ਾਲ ਧਰਨਾ ਦੇ ਕੇ ਹਲਕਾ ਬੁਢਲਾਡਾ ਦੇ ਐੱਮ ਐੱਲ ਏ ਪ੍ਰਿੰਸੀਪਲ ਬੁੱਧ ਰਾਮ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਐੱਮ ਐੱਲ ਏ ਸਾਹਿਬ ਦੇ ਘਰ ਅੱਗੇ ਧਰਨਾ ਦੇ ਕੇ ਰੈਲੀ ਕੀਤੀ ਗਈ, ਜਿਸ ਦੀ ਪ੍ਰਧਾਨਗੀ ਪ੍ਰਸ਼ੋਤਮ ਸਿੰਘ ਉੱਡਤ, ਕੁਲਦੀਪ ਸਿੰਘ ਚੱਕ ਭਾਈਕੇ, ਜਸਵੰਤ ਸਿੰਘ ਬੀਰੋਕੇ ਤੇ ਛੱਜੂਰਾਮ ਰਿਸ਼ੀ ਨੇ ਕੀਤੀ। ਇਸ ਮੌਕੇ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੂੰ ਚਿਤਾਵਨੀ ਪੱਤਰ ਦਿੱਤਾ ਗਿਆ।

ਇਸ ਧਰਨੇ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਕਿਸਾਨ ਸਭਾ ਪੰਜਾਬ ਦੇ ਸੂਬਾਈ ਮੀਤ ਪ੍ਰਧਾਨ ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਅਮਰੀਕ ਸਿੰਘ ਫਫੜੇ ਭਾਈਕੇ ਪ੍ਰਧਾਨ ਜਮਹੂਰੀ ਕਿਸਾਨ ਸਭਾ, ਪ੍ਰਸ਼ੋਤਮ ਸਿੰਘ ਬੀ ਕੇ ਯੂ ਲੱਖੋਵਾਲ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਲਛਮਣ ਸਿੰਘ ਚੱਕ ਅਲੀਸ਼ੇਰ, ਮਲਕੀਤ ਸਿੰਘ ਆਲਮਪੁਰ ਮੰਦਰਾਂ ਆਲ ਇੰਡੀਆ ਕਿਸਾਨ ਸਭਾ, ਕੁਲਦੀਪ ਸਿੰਘ ਚੱਕ ਭਾਈਕੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਰਾਮਫਲ ਸਿੰਘ ਚੱਕ ਅਲੀਸ਼ੇਰ ਪੰਜਾਬ ਕਿਸਾਨ ਯੂਨੀਅਨ ਜਗਰਾਜ ਸਿੰਘ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਤੇ ਆਲ ਇੰਡੀਆ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਆਗੂ ਹਰਜਿੰਦਰ ਸਿੰਘ ਬਰੇਟਾ ਨੇ ਸੰਬੋਧਨ ਕਰਦੇ ਹੋਏ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇਨ੍ਹਾਂ ਹੜ੍ਹਾਂ ਨੂੰ ਕੁਦਰਤੀ ਆਫਤ ਐਲਾਨ ਕੇ ਪੰਜਾਬ ਸਰਕਾਰ ਨੂੰ ਦਸ ਹਜ਼ਾਰ ਕਰੋੜ ਰੁਪਏ ਦਾ ਰਾਹਤ ਪੈਕੇਜ ਦੇਵੇ ਅਤੇ ਮੁਆਵਜ਼ਾ ਵੰਡਣ ਦੇ ਨਿਯਮਾਂ ਵਿੱਚ ਢਿੱਲ ਦਿੱਤੀ ਜਾਵੇ। ਪੰਜਾਬ ਸਰਕਾਰ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦੇਵੇ ਤੇ ਹੁਕਮਾਂ 'ਤੇ ਅਮਲਦਾਰੀ ਯਕੀਨੀ ਬਣਾਈ ਜਾਵੇ। ਇਸ ਰੈਲੀ ਨੂੰ ਜਸਕਰਨ ਸਿੰਘ ਸ਼ੇਰਖਾਂ, ਭੁਪਿੰਦਰ ਸਿੰਘ ਗੁਰਨੇ ਜਰਨੈਲ ਸਿੰਘ ਕਿਸ਼ਨਗੜ੍ਹ ਆਦਿ ਨੇ ਵੀ ਸੰਬੋਧਨ ਕੀਤਾ ਮੰਗਾਂ ਤੁਰੰਤ ਮੰਨਣ ਤੇ ਜੋਰ ਦਿੱਤਾ।

ਬਠਿੰਡਾ (ਪਰਵਿੰਦਰ ਜੀਤ ਸਿੰਘ) : ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਬਠਿੰਡਾ ਦੇ ਆਗੂ ਅਮਰਜੀਤ ਹਨੀ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਪੰਜਾਬ ਭਰ 'ਚ ਐੱਮ ਐੱਲ ਏ ਅਤੇ ਐੱਮ ਪੀਜ਼ ਨੂੰ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਲੈਣ ਲਈ ਚੇਤਾਵਨੀ ਪੱਧਰ ਦੇਣ ਦਾ ਫੈਸਲਾ ਕੀਤਾ ਸੀ, ਜਿਸ ਨੂੰ ਲਾਗੂ ਕਰਦੇ ਹੋਏ ਬਠਿੰਡਾ ਜ਼ਿਲ੍ਹੇ ਦੇ ਅੱਧੀ ਦਰਜਨ ਮੌਜੂਦਾ ਨੂੰ ਚੇਤਾਵਨੀ ਪੱਧਰ ਦੇ ਦਿੱਤੇ ਗਏ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਬਠਿੰਡਾ ਦੀ ਅਗਵਾਈ ਵਿੱਚ ਬੀਬੀ ਵਾਲਾ ਚੌਕ ਵਿੱਚ ਕਿਸਾਨ ਇਕੱਠੇ ਹੋਏ। ਉਸ ਤੋਂ ਬਾਅਦ ਸ਼ਹਿਰ ਬਠਿੰਡਾ ਵਿੱਚ ਮਾਰਚ ਕਰਦੇ ਹੋਏ ਐੱਮ ਐੱਲ ਏ ਜਗਰੂਪ ਦੇ ਘਰ ਮੂਹਰੇ ਕਿਸਾਨਾਂ ਨੇ ਰੈਲੀ ਕੀਤੀ। ਮੌਕੇ 'ਤੇ ਆ ਕੇ ਐਮ ਐਲ ਏ ਜਗਰੂਪ ਸਿੰਘ ਨੇ ਚੇਤਾਵਨੀ ਪੱਤਰ ਲਿਆ। ਇਸ ਮੌਕੇ ਬੀਕੇਯੂ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਜ਼ਿਲ੍ਹਾ ਪ੍ਰਧਾਨ ਬਲਦੇਵ ਭਾਈ ਰੂਪਾ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ, ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਬਠਿੰਡਾ ਦੇ ਆਗੂ ਬਖਸ਼ੀਸ਼ ਸਿੰਘ ਖਾਲਸਾ ਗੋਬਿੰਦਪੁਰਾ, ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਅਮਰੀਕ ਸਿੰਘ ਰਾਇਆ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਮਿੱਠੀ ਫੁੱਲੋ, ਸੰਪੂਰਨ ਸਿੰਘ, ਕਰਾਂਤੀਕਾਰੀ ਕਿਸਾਨ ਯੂਨੀਅਨ ਜ਼ਿਲ੍ਹਾ ਬਠਿੰਡਾ ਦੇ ਆਗੂ ਸੁਰਜੀਤ ਸਿੰਘ ਖੇਮੂਆਣਾ ਆਦਿ ਮੌਜੂਦ ਸਨ।

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ) : ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਸਾਰੇ ਪੰਜਾਬ ਅੰਦਰ ਵਿਧਾਇਕਾਂ ਦੇ ਘਰ ਅੱਗੇ ਧਰਨਾ ਲਗਾ ਕੇ ਚੇਤਾਵਨੀ ਪੱਤਰ ਸੌਂਪੇ ਗਏ। ਇਸ ਦੇ ਚਲਦਿਆਂ ਸ੍ਰੀ ਮੁਕਤਸਰ ਸਾਹਿਬ 'ਚ ਆਮ ਆਦਮੀ ਪਾਰਟੀ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੇ ਘਰ ਅੱਗੇ ਧਰਨਾ ਲਗਾ ਕੇ ਚੇਤਾਵਨੀ ਪੱਤਰ ਸੌਂਪਿਆ ਗਿਆ। ਧਰਨੇ 'ਚ ਬੋਲਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਜਸਵਿੰਦਰ ਸਿੰਘ ਝਬੇਲਵਾਲੀ, ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਡੋਹਕ, ਬੀਕੇਯੂ ਡਕੌਂਦਾ (ਬੁਰਜ ਗਿੱਲ) ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਵੱਟੂ, ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਜਰਨੈਲ ਸਿੰਘ ਰੋੜਾਂਵਾਲੀ, ਬੀਕੇਯੂ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਗਗਨਦੀਪ ਸਿੰਘ, ਬੀਕੇਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਹਰਮਨਦੀਪ ਸਿੰਘ ਬਾਮ, ਬੀਕੇਯੂ ਡਕੌਂਦਾ (ਧਨੇਰ) ਦੇ ਹੈਪੀ ਜਟਾਣਾ, ਬੀਕੇਯੂ ਮਾਲਵਾ ਦੇ ਕੁਲਵੰਤ ਸਿੰਘ ਗੁਰੂਸਰ, ਬਲਜੀਤ ਸਿੰਘ ਲੰਡੇਰੋਡੇ ਨੇ ਕਿਹਾ ਕਿ ਲੋਕਾਂ ਨੂੰ ਕਰਜਾ ਮੁਕਤੀ, ਘਰ ਘਰ ਨੌਕਰੀ, ਬੁਢਾਪਾ ਪੈਨਸ਼ਨ ਵਿੱਚ ਵਾਧਾ, ਨਸ਼ਿਆਂ ਦਾ ਖਾਤਮਾ, ਹੜ੍ਹਾਂ ਦੀ ਸਥਿਤੀ ਵਿੱਚ ਫੌਰੀ ਮੁਆਵਜ਼ਾ ਦੇਣ ਤੇ ਹੋਰ ਅਨੇਕਾਂ ਝੂਠੇ ਸਬਜ਼ਬਾਗ ਵਿਖਾ ਕੇ ਹੋਂਦ ਵਿੱਚ ਆਈ ਆਪ ਸਰਕਾਰ ਅੱਜ ਆਮ ਜਨਤਾ ਵੱਲੋਂ ਮੁੱਖ ਮੋੜੀ ਬੈਠੀ ਹੈ ਤੇ ਆਪਣੇ ਚਹੇਤਿਆਂ ਨੂੰ ਖੁਸ਼ ਕਰਨ 'ਤੇ ਲੱਗੀ ਹੋਈ ਹੈ।

ਮਾਨਸਾ (ਪਮਾਰ)-ਸੰਯੁਕਤ ਕਿਸਾਨ ਮੋਰਚੇ ਦੇ ਬੈਨਰ ਹੇਠ ਪੰਜਾਬ ਦੀਆਂ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਮੌਜੂਦਾ ਵਿਧਾਇਕਾਂ ਨੂੰ ਦਿੱਤੇ ਜਾ ਰਹੇ ਚਿਤਾਵਨੀ ਪੱਤਰਾਂ ਤਹਿਤ ਹਲਕਾ ਮਾਨਸਾ ਤੋਂ ਵਿਧਾਇਕ . ਡਾ ਵਿਜੈ ਸਿੰਗਲਾ ਦੀ ਰਿਹਾਇਸ਼ ਅੱਗੇ ਚਿਤਾਵਨੀ ਪੱਤਰ ਦੇਣ ਲਈ ਧਰਨਾ ਲਗਾਇਆ ਗਿਆ। ਇਸ ਮੌਕੇ ਧਰਨੇ ਵਿੱਚ ਆ ਕੇ ਵਿਜੈ ਸਿੰਗਲਾ ਨੇ ਆਗੂਆਂ ਤੋਂ ਚੇਤਾਵਨੀ ਪੱਤਰ ਲਿਆ ਤੇ ਪੰਜਾਬ ਸਰਕਾਰ ਤੱਕ ਮੰਗਾਂ ਪਹੁੰਚਾਉਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਨਿਰਮਲ ਝੰਡੂਕੇ, ਮਹਿੰਦਰ ਸਿੰਘ ਭੈਣੀਬਾਘਾ, ਨਰਿੰਦਰ ਕੌਰ ਬੁਰਜ ਹਮੀਰਾ, ਭਜਨ ਸਿੰਘ ਘੁੰਮਣ, ਪਰਮਜੀਤ ਸਿੰਘ ਗਾਗੋਵਾਲ, ਤਰਸੇਮ ਸਿੰਘ ਹੀਰਕੇ, ਕ੍ਰਿਸ਼ਨ ਚੌਹਾਨ, ਡਾ. ਧੰਨਾ ਮੱਲ ਗੋਇਲ, ਮਾਸਟਰ ਸੁਖਦੇਵ ਸਿੰਘ ਅਤਲਾ, ਛਿੰਦਰਪਾਲ ਕੌਰ, ਹਰਜਿੰਦਰ ਮਾਨਸਾਹੀਆ, ਦਲਜੀਤ ਸਿੰਘ ਮਾਨਸਾਹੀਆ, ਕਰਮ ਸਿੰਘ, ਗਗਨਦੀਪ ਸਿੰਘ ਨੇ ਵੀ ਸੰਬੋਧਨ ਕੀਤਾ।

ਅੱਜ ਭੋਗ 'ਤੇ ਵਿਸ਼ੇਸ਼ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ ਮਾਸਟਰ ਤਰਲੋਚਨ ਸਿੰਘ ਸਮਰਾਲਾ

ਬਹੁਪੱਖੀ ਪ੍ਰਤਿਭਾ ਦੇ ਮਾਲਕ ਮਾਸਟਰ ਤਰਲੋਚਨ ਸਿੰਘ ਸਮਰਾਲਾ ਦੇ ਬੀਤੇ ਦਿਨ ਇੱਕ ਸੜਕ ਹਾਦਸੇ ਵਿੱਚ ਦਿਹਾਂਤ ਹੋ ਗਿਆ। ਉਨ੍ਹਾਂ ਦੀ ਮੌਤ 'ਤੇ ਜਿੱਥੇ ਲੇਖਕ, ਰੰਗਕਰਮੀ, ਅਧਿਆਪਕ, ਟ੍ਰੇਡ ਯੂਨੀਅਨ ਆਗੂ ਸਕਤੇ ਵਿੱਚ ਹਨ, ਉੱਥੇ ਸਮਾਜ ਦੇ ਦੱਬੇ ਕੁਚਲੇ ਲੋਕਾਂ ਦਾ ਇੱਕ ਵੱਡਾ ਵਰਗ, ਜਿਹੜੇ ਉਸ ਨੂੰ ਆਪਣਾ ਰਹਿਨੁਮਾ ਮੰਨਦੇ ਸਨ, ਇਹ ਸੋਚਣ 'ਤੇ ਮਜਬੂਰ ਹਨ ਕਿ 'ਤਰਲੋਚਨ ਮਾਸਟਰ ਨਾਲ ਇਉਂ ਵੀ ਹੋ ਸਕਦਾ ਹੈ!' ਮਾਸਟਰ ਤਰਲੋਚਨ ਸਿੰਘ ਜਿੱਥੇ ਇੱਕ ਅਧਿਆਪਕ ਸਨ, ਉੱਥੇ ਹਰ ਵਰਗ ਤੇ ਹਰ ਫਿਰਕੇ ਦਾ ਫਿਕਰ ਰੱਖਦੇ ਸਨ। ਉਨ੍ਹਾਂ ਵਿਚ ਆਸ਼ਾਵਾਦੀ ਸੋਚ ਕੁੱਟ ਕੁੱਟ ਕੇ ਭਰੀ ਹੋਈ ਸੀ। ਉਹ ਪਿੰਡ ਮੱਲ ਮਾਜਰਾ ਦੇ ਇੱਕ ਗਰੀਬ ਪਰਿਵਾਰ ਵਿੱਚੋਂ ਉਠ ਕੇ ਉਸਾਰੂ ਸੋਚ ਦੀਆਂ ਬੁਲੰਦੀਆਂ ਤੱਕ ਜਿੱਥੇ ਖੁਦ ਪਹੁੰਚੇ, ਉੱਥੇ ਆਪਣੇ ਚਾਹੁਣ ਵਾਲਿਆਂ ਨੂੰ ਉਨ੍ਹਾਂ ਇੱਕ ਬੁਲੰਦੀ ਦਾ ਸੰਦੇਸ਼ ਦਿੱਤਾ। ਉਹ ਇੱਕੋ ਸਮੇਂ ਮਾਸਟਰ, ਨਾਟਕਕਾਰ, ਫਿਲਮਕਾਰ, ਲੇਖਕ, ਗਜ਼ਲਕਾਰ ਤੇ ਫਿਲਮ ਨਿਰਦੇਸਕ ਸਨ। ਉਹ ਹਰ ਜਟਿਲ ਤੋਂ ਜਟਿਲ ਵਿਸ਼ੇ ਦੀ ਤਹਿ ਤੱਕ ਪਹੁੰਚਣ ਦੀ ਸਮਰੱਥਾ ਰੱਖਦੇ ਸਨ। ਧਰਮ ਨਿਰਪੱਖ ਸੋਚ ਦੇ ਮਾਲਕ ਖੱਬੇ ਪੱਖੀ ਵਿਚਾਰਧਾਰਾ ਨੂੰ ਪਰਨਾਏ ਹੋਏ ਇਸ ਸ਼ਖਸ ਨੇ ਹਨੇਰਿਆਂ ਤੇ ਹਨੇਰੀਆਂ ਨਾਲ ਜ਼ਿੰਦਗੀ ਭਰ ਟੱਕਰ ਲਈ। ਉਹ ਦੱਬੇ ਕੁਚਲੇ ਵਰਗ ਦੀ ਖਾਤਰ ਲੜਨ ਵਾਲੇ ਇੱਕ ਜਹੀਨ ਤਬੀਅਤ ਦੇ ਮਾਲਕ ਸਨ। ਪੰਜਾਬ ਵਿੱਚ ਅੱਤਵਾਦ ਦੇ ਕਾਲੇ ਦੌਰ ਸਮੇਂ ਅੱਤਵਾਦੀਆਂ ਵੱਲੋਂ ਜਾਨੋਂ ਮਾਰਨ ਦੀਆਂ ਧਮਕੀਆਂ ਦੀ ਪਰਵਾਹ ਨਾ ਕਰਦੇ ਹੋਏ ਉਹ ਸਮਾਜ ਵਿੱਚ ਭਾਈਚਾਰਕ ਏਕਤਾ ਦੇ ਝੰਡਾਬਰਦਾਰ ਰਹੇ। ਉਸ ਕਾਲੇ ਦੌਰ ਵਿੱਚ ਉਨ੍ਹਾਂ ਗੁਰਦਾਸ ਮਾਨ ਦੇ ਗਾਣੇ "ਮੈਂ ਧਰਤੀ ਪੰਜਾਬ ਦੀ ਲੋਕੋ ਵੱਸਦੀ ਉਜੜ ਗਈ" 'ਤੇ ਇੱਕ ਅਜਿਹੀ ਕੋਰਿਓਗ੍ਰਾਫੀ ਤਿਆਰ ਕੀਤੀ, ਜੋ ਪੰਜਾਬ ਦੇ ਹਰ ਸ਼ਹਿਰ, ਕਸਬੇ, ਪਿੰਡ ਤੇ ਹਰ ਨੁੱਕੜ ਤੱਕ ਲੋਕਾਂ ਸਾਹਮਣੇ ਪੇਸ਼ ਕੀਤੀ ਗਈ। ਇਸ ਕੋਰਿਓਗ੍ਰਾਫੀ ਨੂੰ ਦੇਖ ਕੇ ਪੰਜਾਬ ਦੇ ਲੋਕ ਉਸ ਵੇਲੇ ਦੇ ਹਾਲਾਤ ਬਾਰੇ ਸੋਚਣ ਲਈ ਮਜਬੂਰ ਹ�ो ਜਾਂਦੇ ਸਨ। ਇਸ ਕੋਰਿਓਗ੍ਰਾਫੀ ਨੇ ਮਾਸਟਰ ਤਰਲੋਚਨ ਸਿੰਘ ਨੂੰ ਬੁੱਧੀਜੀਵੀ, ਰੰਗਮੰਚ ਤੇ ਜਨ ਸਧਾਰਣ ਵਿਚ ਇੱਕ ਅਜਿਹੀ ਪਛਾਣ ਦਿੱਤੀ ਕਿ ਮਾਸਟਰ ਤਰਲੋਚਨ ਲੋਕ ਮਸੀਹਾ ਬਣ ਕੇ ਉੱਭਰਿਆ। ਮਾਸਟਰ ਤਰਲੋਚਨ ਬਚਪਨ ਤੋਂ ਹੀ ਅਗਾਂਹਵਧੂ ਤੇ ਬਗਾਵਤੀ ਸੁਭਾਅ ਦਾ ਮਾਲਕ ਰਿਹਾ ਹੈ। ਉਸ ਨੇ ਰਚਨਾ ਦੇ ਖੇਤਰ ਵਿੱਚ ਬਹੁਤ ਨਾਮਣਾ ਖੱਟਿਆ। ਉਹ ਬੱਬੂ ਮਾਨ ਦੀਆਂ ਫਿਲਮਾਂ 'ਹਸਰ' ਤੇ 'ਏਕਮ' ਦੇ ਲੇਖਕ ਅਤੇ ਅਦਾਕਾਰ ਵੀ ਰਹੇ। ਸਕੂਲ ਵਿੱਚ ਅਧਿਆਪਨ ਕਾਰਜ ਦੇ ਨਾਲ ਨਾਲ ਉਨ੍ਹਾਂ ਰੰਗਮੰਚ ਦੀ ਸਿਰਜਣਾ ਤੇ ਵਿਦੇਸ਼ਾਂ ਵਿੱਚ ਰੰਗਮੰਚੀ ਪੇਸ਼ਕਾਰੀਆਂ ਦਿੱਤੀਆਂ। ਉਨ੍ਹਾ ਗੁਰਸ਼ਰਨ ਸਿੰਘ ਭਾਅ ਜੀ ਦੇ ਜੀਵਨ ਬਾਰੇ ਪ੍ਰੋਗਰਾਮ ਸੀਰੀਜ਼ ਕੀਤੀ। ਵੱਖ ਵੱਖ ਲੇਖਕਾਂ ਦੀਆਂ ਦਸਤਾਵੇਜ਼ੀ ਫਿਲਮਾਂ, ਟੈਲੀ ਫਿਲਮਾਂ, ਟੀ ਵੀ ਸੀਰੀਅਲ, ਟੀ ਵੀ ਨਾਟਕ ਤੇ ਫੀਚਰ ਫਿਲਮਾਂ ਦਾ ਲੇਖਣ ਤੇ ਅਦਾਕਾਰੀ ਕੀਤੀ। ਉਨ੍ਹਾ ਨੂੰ ਬਹੁਤ ਸਾਰੇ ਪੁਰਸਕਾਰ ਮਿਲੇ, ਪਰ ਉਨ੍ਹਾ ਦੀ ਸ਼ਖਸੀਅਤ ਸਾਰੇ ਪੁਰਸਕਾਰਾਂ ਤੋਂ ਵੱਡੀ ਸਾਬਿਤ ਹੋਈ। ਉਨ੍ਹਾ ਨਾਟ ਕਲਾ ਨੂੰ ਬੁਲੰਦੀਆਂ ਤੱਕ ਪਹੁੰਚਾਉਣ ਲਈ ਸਮਰਾਲਾ ਵਿਖੇ 'ਆਰਟ ਸੈਂਟਰ' ਦੀ ਸਥਾਪਨਾ ਕੀਤੀ, ਜਿਸ ਵਿਚ ਨਵੇਂ ਕਲਾਕਾਰਾਂ ਨੂੰ ਘੜ ਕੇ ਚੰਗੇ ਕਲਾਕਾਰ ਤਿਆਰ ਕੀਤੇ। ਨਾਟ ਖੇਤਰ ਵਿੱਚ ਉਨ੍ਹਾ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰਦਿਆਂ ਉਨ੍ਹਾਂ ਨੂੰ 'ਗੁਰਸ਼ਰਨ ਸਿੰਘ ਯਾਦਗਾਰੀ ਪੁਰਸਕਾਰ-2021' ਪ੍ਰਦਾਨ ਕੀਤਾ ਗਿਆ। ਸਾਲ 2014 ਵਿੱਚ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ 'ਸ਼੍ਰੋਮਣੀ ਅਧਿਆਪਕ ਪੁਰਸਕਾਰ' ਨਾਲ ਸਨਮਾਨਤ ਕੀਤਾ ਗਿਆ। ਉਹ 'ਪਲਸ' ਮੰਚ ਦੇ ਜਨਰਲ ਸਕੱਤਰ ਰਹੇ। ਉਨ੍ਹਾਂ ਤਰਕਸ਼ੀਲ ਲਹਿਰ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ। ਉਨ੍ਹਾਂ ਲੇਖਣ ਦੇ ਖੇਤਰ ਵਿੱਚ ਜ਼ਿਕਰਯੋਗ ਕੰਮ ਕੀਤਾ, ਜਿਸ ਵਿੱਚ ਉਨਾਂ ਪੰਜ ਮੌਲਿਕ ਪੁਸਤਕਾਂ ਦੀ ਰਚਨਾ ਕੀਤੀ। ਅੱਜਕੱਲ੍ਹ ਉਹ 'ਬਾਬਾ ਬੰਦਾ ਸਿੰਘ ਬਹਾਦਰ ਜੀ' ਦੇ ਜੀਵਨ ਬਾਰੇ ਵੱਡੇ ਪ੍ਰੋਜੈਕਟ ਤੇ ਕੰਮ ਕਰ ਰਹੇ ਸਨ। ਉਨ੍ਹਾਂ ਦੀ ਬੇਵਕਤੀ ਮੌਤ ਨਾਲ ਉਨ੍ਹਾਂ ਦੇ ਚਾਹੁਣ ਵਾਲਿਆਂ ਤੇ ਸਮਾਜ ਦੇ ਦੱਬੇ-ਕੁਚਲੇ ਲੋਕਾਂ ਵਿੱਚ ਇੱਕ ਵੱਡਾ ਖਲਾਅ ਪੈਦਾ ਹੋ ਗਿਆ ਹੈ। ਅੱਜ 20 ਅਗਸਤ ਨੂੰ ਉਨ੍ਹਾਂ ਦੇ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਭਗਵਾਨਪੁਰਾ ਰੋਡ ਪਿੰਡ ਸਾਮਗੜ੍ਹ ਵਿਖੇ ਭੋਗ ਮੌਕੇ ਵੱਡੀ ਗਿਣਤੀ 'ਚ ਲੇਖਕ, ਬੁੱਧੀਜੀਵੀ, ਰਾਜਨੀਤਕ ਲੋਕ, ਟ੍ਰੇਡ ਯੂਨੀਅਨ ਆਗੂ ਤੇ ਵਰਕਰ, ਪਿੰਡਾਂ ਤੇ ਸ਼ਹਿਰਾਂ ਦੇ ਲੋਕ ਅਤੇ ਮਜ਼ਦੂਰ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ।

-ਸੁਰਜੀਤ ਸਿੰਘ 'ਵਿਸਾਦ'

ਕਾਤਰਾਂ

ਧਾਰਮਿਕ ਸਮਾਗਮ ਭਲਕ ਤੋਂ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ ਵਿਖੇ ਸਾਲਾਨਾ ਧਾਰਮਿਕ ਇਕੋਤਰੀ ਸਮਾਗਮ 21 ਤੋਂ 23 ਅਗਸਤ ਤੱਕ ਗੁਰਦੁਆਰਾ ਕਾਲਾਮਾਲਾ ਸਾਹਿਬ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਪ੍ਰਬੰਧਕਾਂ ਅਨੁਸਾਰ ਇਸ ਮੌਕੇ ਪਹਿਲੇ ਦਿਨ 21 ਅਗਸਤ ਨੂੰ ਸ੍ਰੀ ਅਖੰਡ ਸਾਹਿਬ ਜੀ ਦੇ ਪ੍ਰਕਾਸ਼ ਹੋਣਗੇ, ਜਿਨ੍ਹਾਂ ਦੇ ਭੋਗ 23 ਅਗਸਤ ਨੂੰ ਸਵੇਰੇ ਪਾਏ ਜਾਣ ਉਪਰੰਤ ਉੱਘੇ ਰਾਗੀ ਜਥੇ, ਕਥਾ ਵਾਚਕ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।

ਮੂਰਤੀ ਸਥਾਪਨਾ ਦਿਵਸ 23 ਨੂੰ

ਮਾਛੀਵਾੜਾ ਸਾਹਿਬ (ਸ਼ੇਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਦੇ ਰਤੀਪੁਰ ਰੋਡ 'ਤੇ ਸਥਿਤ ਮਾਤਾ ਰਾਣੀ ਮੰਦਰ ਵਿਖੇ ਮੂਰਤੀ ਸਥਾਪਨਾ ਦਿਵਸ 23 ਅਗਸਤ ਨੂੰ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ 23 ਅਗਸਤ ਨੂੰ ਰਮਾਇਣ ਪਾਠ ਦੇ ਭੋਗ ਪਾਉਣ ਉਪਰੰਤ ਭੰਡਾਰਾ ਕਰਵਾਇਆ ਜਾਵੇਗਾ। ਉਨ੍ਹਾ

page-6-20-(AUG)-2023-G-(BV).qxd 8/19/2023 10:56 PM Page 1

ਕਸਬਾ ਲੌਂਗੋਵਾਲ ਦੀ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸੀ. ਸੈਕੰਡਰੀ ਸਕੂਲ ਵੰਡਦੀ ਆ ਰਹੀ ਹੈ ਵਿੱਦਿਆ ਰੂਪੀ ਚਾਨਣ



ਸ਼ਹੀਦ ਭਾਈ ਦਿਆਲਾ ਜੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਨਿਨ ਸੇਵਕ ਸਨ, ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤਿਲਕ ਅਤੇ ਜੰਞੂ ਦੀ ਰੱਖਿਆ ਲਈ ਮੁਗਲ ਬਾਦਸ਼ਾਹ ਔਰੰਗਜੇਬ ਦੇ

ਹੁਕਮ ਨਾਲ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹੀਦੀ ਦੇਣ ਲਈ ਗਏ ਤਾਂ ਉਹਨਾਂ ਦੇ ਨਾਲ ਸ਼ਹੀਦ ਭਾਈ ਮਤੀ ਦਾਸ ਜੀ ਅਤੇ ਸ਼ਹੀਦ ਭਾਈ ਦਿਆਲਾ ਜੀ ਵੀ ਨਾਲ ਸਨ। ਔਰੰਗਜੇਬ ਵੱਲੋਂ ਗੁਰੂ ਸਾਹਿਬ ਦੇ ਸਾਹਮਣੇ ਪਹਿਲਾਂ ਸ਼ਹੀਦ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਦੋਫਾੜ ਕੀਤਾ ਗਿਆ। ਉਹਨਾਂ ਤੋਂ ਬਾਅਦ ਸ਼ਹੀਦ ਭਾਈ ਦਿਆਲਾ ਜੀ ਨੂੰ ਪਾਣੀ ਦੀ ਉੱਬਲਦੀ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਗਿਆ। ਫਿਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਦਿੱਲੀ ਦੇ ਚਾਂਦਨੀ ਚੌਕ ਵਿੱਚ 24 ਨਵੰਬਰ 1675 ਈਸਵੀ ਨੂੰ ਸ਼ਹੀਦ ਕੀਤਾ ਗਿਆ। ਸ਼ਹੀਦ ਭਾਈ ਦਿਆਲਾ ਜੀ ਲੌਂਗੋਵਾਲ ਦੇ ਵਸਨੀਕ ਸਨ। ਉਹਨਾਂ ਦੀ ਯਾਦ ਨੂੰ ਹਮੇਸ਼ਾ ਤਾਜ਼ਾ ਰੱਖਣ ਲਈ ਭਾਈ ਮਹਿਦਰ ਸਿੰਘ ਦੁੱਲਟ ਲੌਂਗੋਵਾਲ ਵੱਲੋਂ ਸਵ. ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੋਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਕਿ ਸ਼ਹੀਦ ਭਾਈ ਦਿਆਲਾ ਜੀ ਦੇ ਨਾਂ ਤੇ ਨਗਰ ਲੌਂਗੋਵਾਲ ਵਿਖੇ ਸੀ.ਬੀ.ਐਸ.ਈ. ਨਾਲ ਸੰਬੰਧਤ ਇੱਕ ਸਕੂਲ ਬਣਾਇਆ ਜਾਵੇ। ਸ੍ਰ. ਗੁਰਚਰਨ ਸਿੰਘ ਟੋਹੜਾ ਨੇ ਇਸ ਬੇਨਤੀ ਨੂੰ ਪ੍ਰਵਾਨ ਕਰਕੇ 30 ਮਾਰਚ 1994 ਨੂੰ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਦਾ ਨੀਂਹ ਪੱਥਰ ਆਪਣੇ ਕਰ ਕਮਲਾਂ ਨਾਲ ਰੱਖਿਆ। ਇਸ ਸਕੂਲ ਦੇ ਪ੍ਰਬੰਧ ਨੂੰ ਚਲਾਉਣ ਲਈ ਪੰਥ ਰਤਨ ਗੁਰਚਰਨ ਸਿੰਘ ਜੀ ਟੌਹੜਾ ਵੱਲੋਂ ਸਿੱਖ ਪੰਥ ਦੇ ਲਾਸਾਨੀ ਸ਼ਹੀਦ ਬ੍ਰਹਮਗਿਆਨੀ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਨਾਂ ਤੇ ਸ਼ਹੀਦ ਭਾਈ ਮਨੀ ਸਿੰਘ ਜੀ ਵਿੱਦਿਅਕ ਟਰੱਸਟ ਕਾਇਮ ਕੀਤਾ। 1999 ਈ. ਤੱਕ ਟੌਹੜਾ ਸਾਹਿਬ ਇਸ ਟਰੱਸਟ ਦੇ ਪ੍ਰਧਾਨ ਰਹੇ ਅਤੇ ਉਹਨਾਂ ਨੇ ਆਪਣਾ ਅਸਤੀਫਾ ਦੇ ਕੇ ਭਾਈ ਮਹਿਦਰ ਸਿੰਘ ਦੁੱਲਟ ਲੌਂਗੋਵਾਲ ਨੂੰ ਚੇਅਰਮੈਨ ਨਿਯੁਕਤ ਕੀਤਾ। ਇਹ ਵਿੱਦਿਅਕ ਅਦਾਰਾ ਪ੍ਰਿੰਸੀਪਲ ਸ੍ਰ. ਨਰਪਿੰਦਰ ਸਿੰਘ ਢਿੱਲੋਂ ਦੀ ਯੋਗ ਅਗਵਾਈ ਵਿੱਚ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ। ਟੌਹੜਾ ਸਾਹਿਬ ਦੀ ਇਹ ਸੋਚ ਸੀ ਕਿ ਹਰ ਵਿਅਕਤੀ ਇਸ ਸਕੂਲ ਵਿੱਚ ਵਾਜਬ ਫੀਸ ਹੋਣ ਕਰਕੇ ਆਪਣੇ ਬੱਚੇ ਨੂੰ ਪੜ੍ਹਾ ਸਕੇ। ਇਹ ਸੰਸਥਾ ਹਰ ਵਰਗ ਲਈ ਬਿਨ੍ਹਾਂ ਕਿਸੇ ਭੇਦਭਾਵ ਤੋਂ ਉੱਚ ਦਰਜੇ ਦੀ ਸਿੱਖਿਆ ਪ੍ਰਦਾਨ ਕਰ ਰਹੀ ਹੈ। ਇਸ ਅਦਾਰੇ ਦਾ ਸਮੂਹ ਸਟਾਫ ਨਿਮਰਤਾ, ਲਗਨ ਅਤੇ ਸ਼ਰਧਾ ਨਾਲ ਸਮੁੱਚੇ ਲੌਂਗੋਵਾਲ ਇਲਾਕੇ ਦੀ ਸੇਵਾ ਕਰ ਰਿਹਾ ਹੈ। ਇਸ ਸੰਸਥਾ ਵਿੱਚ ਨਰਸਰੀ ਤੋਂ ਬਾਰਵੀਂ ਜਮਾਤ ਤੱਕ ਸਾਇੰਸ, ਕਾਮਰਸ ਅਤੇ ਆਰਟਸ ਗਰੁੱਪ ਤਹਿਤ ਕਲਾਸਾਂ ਚੱਲ ਰਹੀਆਂ ਹਨ। ਸਕੂਲ ਵਿੱਚ 2400 ਦੇ ਕਰੀਬ ਵਿਦਿਆਰਥੀ ਅਤੇ ਸੁੱਚਜੇ ਤੇ ਤਜ਼ਰਬੇਕਾਰ 105 ਅਧਿਆਪਕਾਂ ਦੀ ਟੀਮ ਹੈ ਅਤੇ 60 ਦੇ ਕਰੀਬ ਸੇਵਾਦਾਰ ਹਨ। ਸਾਰੇ ਅਧਿਆਪਕ ਬੱਚਿਆਂ ਦੇ ਬਿਹਤਰ ਅਤੇ ਉਜਵਲ ਭਵਿੱਖ ਲਈ ਸਖਤ ਮਿਹਨਤ ਕਰਦੇ ਹਨ। ਸਕੂਲ ਵਿੱਚ ਵਿਦਿਆਰਥੀਆਂ ਲਈ ਸਾਫ-ਸੁਥਰੇ ਅਤੇ ਹਵਾਦਾਰ 80 ਕਮਰੇ ਹਨ। ਇਸਦੇ ਨਾਲ ਹੀ ਕੈਮਿਸਟਰੀ, ਬਾਇਓਲੋਜੀ ਅਤੇ ਫਿਜ਼ਿਕਸ ਦਆਂ ਵੱਖਰੀਆਂ ਲੈਬੋਰੇਟਰੀਆਂ ਹਨ। ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਵੱਖਰੀ ਪ੍ਰਯੋਗਸ਼ਾਲਾ ਹੈ। ਸਕੂਲ ਵਿੱਚ ਇੱਕ ਵੱਡੀ ਲਾਇਬ੍ਰੇਰੀ ਸਥਾਪਿਤ ਹੈ ਜਿਸ ਵਿੱਚ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਸਾਹਿਤ ਨਾਲ ਸੰਬੰਧਤ ਅਤੇ ਆਰਟ ਐਂਡ ਕਰਾਫਟ, ਸਾਇੰਸ ਅਤੇ ਗਣਿਤ ਨਾਲ ਸੰਬੰਧਤ ਪੁਸਤਕਾਂ ਹਨ। ਰੋਜ਼ਾਨਾ ਸਵੇਰੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੀਆਂ 9 ਅਖਬਾਰਾਂ ਪੁੱਜਦੀਆਂ ਹਨ। ਸੰਸਥਾ ਵਿੱਚ 3 ਵੱਡੀਆਂ ਕੰਪਿਊਟਰ ਲੈਬਾਂ, 20 ਸਮਾਰਟ ਰੂਮ ਅਤੇ ਇੱਕ ਵੱਡਾ ਆਡੀਟੋਰੀਅਮ ਹੈ। ਛੋਟੇ ਬੱਚਿਆਂ ਦੇ ਖੇਡਣ ਲਈ ਆਧੁਨਿਕ ਝੂਲਿਆਂ ਵਾਲਾ ਇੱਕ ਸੁੰਦਰ ਪਾਰਕ ਹੈ। ਵਿਦਿਆਰਥੀਆਂ ਦੀ ਸਿਹਤ ਸੰਬੰਧੀ ਸਹੂਲਤ ਲਈ ਇੱਕ ਡਿਸਪੈਂਸਰੀ ਹੈ। ਹਰ ਇੱਕ ਬੱਚੇ ਲਈ ਬੱਸ ਦੀ ਸਹੂਲਤ ਉਪਲਬਧ ਹੈ। ਬੱਚਿਆਂ ਲਈ ਸਾਫ਼ ਪਾਣੀ ਅਤੇ ਆਰ.ਓ. ਦੀ ਸਹੂਲਤ ਹੈ। ਸਾਫ-ਸੁਥਰੇ ਵਾਸ਼ਰੂਮ ਅਤੇ ਸਰਦੀਆਂ ਵਿੱਚ ਬੱਚਿਆਂ ਦੇ ਖਾਣੇ ਨੂੰ ਗਰਮ ਰੱਖਣ ਲਈ (ਹੱਟ ਕੇਸ) ਉਪਲਬਧ ਹਨ। ਵਿਦਿਆਰਥੀਆਂ ਵਿੱਚ ਅਨੁਸ਼ਾਸ਼ਨ ਟੀਮ ਬਣੀ ਹੋਈ ਹੈ। ਹਰ ਰੋਜ਼ ਸਵੇਰ ਦੀ ਪ੍ਰਾਰਥਨਾ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਹੁੰਦੀ ਹੈ। ਵਿਦਿਆਰਥੀਆਂ ਵੱਲੋਂ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਨ ਸੰਬੰਧੀ ਭਾਸ਼ਣ ਦਿੱਤਾ ਜਾਂਦਾ ਹੈ ਅਤੇ ਖਬਰਾਂ ਪੜ੍ਹ ਕੇ ਦੱਸੀਆਂ ਜਾਂਦੀਆਂ ਹਨ। ਸਕੂਲ ਵਿੱਚ ਹਰ ਸਾਲ ਵਿਦਿਆਰਥੀਆਂ ਦੇ ਸੁੰਦਰ ਦਸਤਾਰ ਅਤੇ ਲੰਬੇ ਕੇਸਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਸਿੱਖ ਵਿਦਿਆਰਥੀਆਂ ਨੂੰ ਦਸਤਾਰ ਬੰਨ੍ਹਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਸਕੂਲ ਦੀ ਉਪਰਲੀ ਮੰਜ਼ਿਲ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਜਿਸ ਵਿੱਚ ਸਵੇਰੇ ਵਿਦਿਆਰਥੀ ਅਤੇ ਅਧਿਆਪਕ ਨਤਮਸਤਕ ਹੁੰਦੇ ਹਨ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਇਸ ਸੰਸਥਾ ਨੂੰ ਪ੍ਰੇਰਿਤ ਕਰਨ ਦਾ ਮਹਾਨ ਸਾਧਨ ਹਨ। ਸਕੂਲ ਵਿੱਚ ਰੱਸਾ-ਕਸੀ, ਕਬੱਡੀ ਸਰਕਲ ਸਟਾਇਲ, ਬੈਡਮਿੰਟਨ, ਗੱਤਕਾ, ਕ੍ਰਿਕਟ, ਸ਼ਤਰੰਜ, ਟੇਬਲ ਟੈਨਿਸ, ਵਾਲੀਬਾਲ, ਫੁੱਟਬਾਲ ਅਤੇ ਹੌਂਡਬਾਲ ਖੇਡਾਂ ਖਿਡਾਈਆਂ ਜਾਂਦੀਆਂ ਹਨ। ਹਰ ਸਾਲ ਦਰਜਨ ਖਿਡਾਰੀ ਸਟੇਟ ਅਤੇ ਨੈਸ਼ਨਲ ਪੱਧਰ 'ਤੇ ਖੇਡ ਕੇ ਸੋਨੇ ਅਤੇ ਚਾਂਦੀ ਦੇ ਤਮਗੇ ਜਿੱਤਦੇ ਹਨ। ਆਉਣ ਵਾਲੇ ਸਮੇਂ ਵਿੱਚ ਜੂਡੋ, ਕਰਾਟੇ, ਯੋਗਾ, ਖੋ-ਖੋ, ਬਾਸਕਟਬਾਲ ਖੇਡਾਂ ਸ਼ੁਰੂ ਕਰਨ ਦੀ ਤਜ਼ਵੀਜ ਹੈ। ਕੁਝ ਸਮਾਂ ਪਹਿਲਾਂ ਹੀ ਸਕੂਲ ਦੀ ਵਿਦਿਆਰਥਣ ਜਸ਼ਨਦੀਪ ਕੌਰ ਗਿੱਲ ਨੇ ਗੋਲਾ ਸੁੱਟਣ ਵਿੱਚ ਸੋਨ ਤਮਗਾ ਪ੍ਰਾਪਤ ਕੀਤਾ ਹੈ। ਸਕੂਲ ਵਿੱਚੋਂ ਵਿੱਦਿਆ ਪ੍ਰਾਪਤ ਕਰਕੇ ਉੱਚ ਅਹੁਦਿਆਂ 'ਤੇ ਪਹੁੰਚੇ ਵਿਦਿਆਰਥੀਆਂ 'ਚੋਂ ਕੁਝ ਦੇ ਨਾਮ ਇਸ ਪ੍ਰਕਾਰ ਹਨ- ਡਾ. ਰੋਜ਼ੀ ਅਗਰਵਾਲ (ਟੀ.ਬੀ. ਅਫਸਰ ਬਠਿੰਡਾ), ਡਾ. ਨੇਹਾ ਗੁਪਤਾ ਐਮ.ਡੀ. (ਬੱਚਿਆਂ ਦੇ ਮਾਹਿਰ), ਬਰਿਤੀ ਗੋਇਲ (ਐਮ.ਬੀ.ਬੀ.ਐਸ), ਮਨਦੀਪ ਸਿੰਘ ਫਲਾਇੰਗ ਅਫਸਰ (ਇੰਡੀਅਨ ਏਅਰ ਫੋਰਸ), ਰਮਨਪ੍ਰੀਤ ਸਿੰਘ ਬਲਾਕ ਅਫ਼ਸਰ (ਜੰਗਲਾਤ ਵਿਭਾਗ), ਅਨੁਬਾ ਸਿੰਦਲ ਸਿਵਲ ਜੱਜ(ਪੰਜਾਬ ਅਤੇ ਹਰਿਆਣਾ ਹਾਈਕੋਰਟ), ਗੁਰਪ੍ਰੀਤ ਸਿੰਘ (ਇੰਡੀਅਨ ਆਰਮੀ), ਦਲਜੀਤ ਸਿੰਘ (ਇੰਡੀਅਨ ਆਰਮੀ), ਵਰਿੰਦਰ ਸਿੰਘ (ਸਬ ਡਵੀਜ਼ਨਲ ਅਫਸਰ, ਪੀ.ਐਸ.ਪੀ.ਸੀ.ਐਲ), ਅਮੋਧ ਅਗਰਵਾਲ (ਇਸਰੋ ਸਾਇਸਦਾਨ), ਨਿਸ਼ਾਤ ਕੁਮਾਰ (ਨੇਵੀ) ਅਤੇ ਜੁਗਲ ਕਿਸ਼ੋਰ (ਅਸਿਸਟੈਂਟ ਡਾਇਰੈਕਟਰ) ਸੈਂਟਰਲ ਗੋਰਮਿਟ। ਇਸ ਤੋਂ ਇਲਾਵਾ ਬਹੁਤ ਸਾਰੇ ਵਿਦਿਆਰਥੀ ਵਿਦੇਸ਼ ਵਿੱਚ ਵਿੱਦਿਆ ਪ੍ਰਾਪਤ ਕਰਨ ਲਈ ਜਾ ਚੁੱਕੇ ਹਨ। ਇਸ ਲਈ ਪੂਰੇ ਇਲਾਕਾ ਨਿਵਾਸੀਆਂ ਵੱਲੋਂ ਸੰਸਥਾ ਦੀ ਸਮਾਜ ਨੂੰ ਵਿਲੱਖਣ ਦੇਣ ਨੂੰ ਮੱਦੇਨਜ਼ਰ ਰੱਖਦਿਆਂ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਸੰਸਥਾ ਅਤੇ ਇੱਥੋਂ ਦੇ ਵਿਦਿਆਰਥੀਆਂ ਤੇ ਸਟਾਫ ਨੂੰ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨ ਦਾ ਬਲ ਬਖਸ਼ਿਸ਼ ਕਰਨ ਤਾਂ ਜੋ ਇਹ ਸੰਸਥਾ ਸਮਾਜ ਨੂੰ ਵਿੱਦਿਆ ਰੂਪੀ ਚਾਨਣ ਵੰਡਦੀ ਰਹੇ।

ਸਵ. ਸ੍ਰ. ਗੁਰਚਰਨ ਸਿੰਘ ਟੌਹੜਾ ਜੀ

ਸ੍ਰ. ਮਹਿੰਦਰ ਸਿੰਘ ਦੁੱਲਟ (ਚੇਅਰਮੈਨ)

ਸ੍ਰ. ਨਰਪਿੰਦਰ ਸਿੰਘ ਢਿੱਲੋਂ (ਪ੍ਰਿੰਸੀਪਲ)

ਪ੍ਰਦੀਪ ਸਿੰਘ ਸੱਪਲ, ਪੱਤਰਕਾਰ ਲੌਂਗੋਵਾਲ (94648-60465

ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੋਹਾਵਾ ਕਬੱਡੀ ਟੂਰਨਾਮੈਂਟ ਅੰਡਰ-19 ਜੇਤੂ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸੀ ਆਈ ਐਸ ਸੀ ਈ ਵੱਲੋਂ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਜ਼ਿਲ੍ਹਾ ਬਰਨਾਲਾ ਵਿਖੇ ਕਰਵਾਏ ਖੇਤਰੀ ਕਬੱਡੀ ਟੂਰਨਾਮੈਂਟ ਅੰਡਰ-19 ਵਰਗ 'ਚ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ ਸੋਹਾਵਾ ਦੇ ਵਿਦਿਆਰਥੀ ਉਪ ਜੇਤੂ ਰਹੇ। ਟੀਮ ਦੀ ਅਗਵਾਈ ਸੰਦੀਪ ਸਿੰਘ ਡੀ.ਪੀ.ਈ. ਇਸ ਵਿੱਚ 10ਵੀਂ ਦੇ ਕਪੂਰ ਸਿੰਘ, ਮਨਤੇਜ ਸਿੰਘ, ਪ੍ਰਭਜੀਤ ਸਿੰਘ ਅਤੇ +1 ਕਲਾਸ ਦੇ ਜਸ਼ਨਪ੍ਰੀਤ ਸਿੰਘ ਨੇ ਭਾਗ ਲਿਆ ਅਤੇ ਆਪਣੇ ਜੋਸ਼ ਅਤੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਕੂਲ ਦਾ ਨਾਂਅ ਰੌਸ਼ਨ ਕੀਤਾ।

ਡਾ. ਰਿਤੂ ਅਤੇ ਸਕੂਲ ਦੇ ਡਾਇਰੈਕਟਰ ਸਤੀਸ਼ ਕੁਮਾਰ ਦੁੱਗਲ ਨੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ।

ਡਿਪਟੀ ਕਮਿਸ਼ਨਰ ਵੱਲੋਂ ਹੜ੍ਹ ਪ੍ਰਭਾਵਤ ਖੇਤਰ 'ਚ ਵਿਸ਼ੇਸ਼ ਮੈਡੀਕਲ ਕੈਂਪ ਤੇ ਵੈਟਰਨਰੀ ਕੈਂਪ ਲਗਾਉਣ ਦੀਆਂ ਹਦਾਇਤਾਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਬੀਤੇ ਦਿਨੀਂ ਦਰਿਆ ਬਿਆਸ ਵਿੱਚ ਪਾਣੀ ਦਾ ਪੱਧਰ ਵਧਣ ਤੋਂ ਬਾਅਦ ਜ਼ਿਲ੍ਹਾ ਗੁਰਦਾਸਪੁਰ ਦੇ ਬੇਟ ਇਲਾਕੇ 'ਚ ਪਾਣੀ ਭਰਨ ਨਾਲ ਲੋਕਾਂ ਦੀਆਂ ਫਸਲਾਂ ਅਤੇ ਹੋਰ ਮਾਲੀ ਨੁਕਸਾਨ ਹੋਇਆ ਹੈ। ਇਲਾਕੇ 'ਚ ਬੀਤੇ ਕੁਝ ਦਿਨਾਂ ਤੋਂ ਪਾਣੀ ਖੜ੍ਹਾ ਹੋਣ ਕਾਰਨ ਬਿਮਾਰੀਆਂ ਫੈਲਣ ਦਾ ਖਦਸ਼ਾ ਵੀ ਬਣਿਆ ਹੋਇਆ ਹੈ। ਇਸ ਸਭ ਨੂੰ ਧਿਆਨ 'ਚ ਰੱਖਦੇ ਹੋਏ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਿਹਤ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਜਿਨ੍ਹਾਂ ਪਿੰਡਾਂ 'ਚ ਪਾਣੀ ਦਾ ਪੱਧਰ ਘਟ ਗਿਆ ਹੈ, ਉਨ੍ਹਾਂ ਪਿੰਡਾਂ 'ਚ ਅੱਜ ਤੋਂ ਹੀ ਫੋਗਿੰਗ ਕਰਨ ਦੇ ਨਾਲ ਮੈਡੀਕਲ ਕੈਂਪ ਅਤੇ ਵੈਟਨਰੀ ਕੈਂਪ ਲਗਾਏ ਜਾਣ।

ਨਸ਼ਾ ਸਮਗਲਰਾਂ ਦੀ ਜ਼ਮਾਨਤ ਕਰਵਾਉਣ 'ਤੇ ਨਸ਼ਾ ਵਿਰੋਧੀ ਫਰੰਟ ਨੇ ਪ੍ਰਗਟਾਇਆ ਇਤਰਾਜ਼

ਸਮਾਜਿਕ ਬਾਈਕਾਟ ਕਰਨ ਦਾ ਲਿਆ ਫ਼ੈਸਲਾ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ) : ਕਸਬਾ ਲੌਂਗੋਵਾਲ ਵਿੱਚ ਚਿੱਟੇ, ਨਸ਼ੀਲੀਆਂ ਗੋਲੀਆਂ, ਟੀਕੇ ਆਦਿ ਵਿੱਚ ਫਸਾਏ ਜਾ ਰਹੇ ਨੌਜਵਾਨਾਂ, ਵਿਦਿਆਰਥੀਆਂ ਨੂੰ ਬਚਾਉਣ ਲਈ ਇਲਾਕਾ ਨਿਵਾਸੀਆਂ ਵੱਲੋਂ ਬਣਾਏ ਗਏ ਨਸ਼ਾ ਵਿਰੋਧੀ ਫਰੰਟ ਨੇ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਵਾਉਣ ਵਾਲੇ ਜ਼ੁੰਮੇਵਾਰ ਵਿਅਕਤੀਆਂ ਦੀ ਸਖ਼ਤ ਨਿੰਦਾ ਕਰਦਿਆਂ ਸਮਾਜਿਕ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ।

ਫਰੰਟ ਦੇ ਕਨਵੀਨਰ ਪ੍ਰਿਥੀ ਸਿੰਘ ਨੇ ਦੱਸਿਆ ਕਿ ਥਾਣਾ ਮੁਖੀ ਲੌਂਗੋਵਾਲ ਗਗਨਦੀਪ ਸਿੰਘ ਸਿੱਧੂ ਨਾਲ ਕਮੇਟੀ ਵੱਲੋਂ ਮੀਟਿੰਗ ਕੀਤੀ ਗਈ, ਜਿਸ ਵਿੱਚ ਪਿਛਲੇ ਹਫਤੇ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਕੀਤੀਆਂ ਕਾਰਵਾਈਆਂ ਦੀ ਜਾਣਕਾਰੀ ਲਈ ਗਈ। ਥਾਣਾ ਮੁਖੀ ਨੇ ਪੁਲਸ ਵੱਲੋਂ ਮੁਹਿੰਮ ਤੇਜ਼ ਕਰਨ ਤੇ ਸਹਿਯੋਗ ਦੀ ਮੰਗ ਕੀਤੀ। ਫਰੰਟ ਆਗੂਆਂ ਕਾਲਾ ਸਿੰਘ ਐੱਮ ਸੀ, ਅਮਰ ਸਿੰਘ, ਮਾਸਟਰ ਬਲਵੀਰ ਲੌਂਗੋਵਾਲ, ਅਮਰਜੀਤ ਸਿੰਘ, ਕਮਲ ਬਰਾੜ, ਅੰਮ੍ਰਿਤਪਾਲ ਸਿੰਘ, ਖੁਸ਼ਪ੍ਰੀਤ ਕੌਰ, ਹਰਦੇਵ ਦੁੱਲਟ, ਕਾਮਰੇਡ ਸਤਪਾਲ, ਭੋਲਾ ਸਿੰਘ, ਜੁਝਾਰ ਸਿੰਘ ਲੌਂਗੋਵਾਲ, ਰਣਜੀਤ ਸਿੰਘ, ਬਲਵੰਤ ਬੀਟਾ, ਹਰਵਿੰਦਰ ਸਿੰਘ ਢੀਂਡਸਾ, ਕਮਲਜੀਤ ਵਿੱਕੀ, ਅਨੀਸ਼ ਕੁਮਾਰ, ਕਾ. ਭੂਰਾ ਸਿੰਘ, ਮਹਿੰਦਰ ਵਡਿਆਣੀ ਆਦਿ ਨੇ ਦੱਸਿਆ ਕਿ ਪਿੰਡ ਦੇ ਹੀ ਕੁਝ ਜ਼ੁੰਮੇਵਾਰ ਵਿਅਕਤੀਆਂ ਨੇ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਵਾ ਕੇ ਜਿੱਥੇ ਨੌਜਵਾਨਾਂ ਦੇ ਕਾਤਲਾਂ ਦਾ ਪੱਖ ਪੂਰਿਆ ਹੈ, ਉਥੇ ਆਪਣੇ ਲੋਕਾਂ ਨਾਲ ਗ਼ਦਾਰੀ ਵੀ ਕੀਤੀ ਹੈ। ਆਗੂਆਂ ਨੇ ਕਿਹਾ ਕਿ ਚਿੱਟੇ, ਨਸ਼ੇ ਦੇ ਟੀਕਿਆਂ ਤੇ ਮਾਰੂ ਨਸ਼ਿਆਂ ਖ਼ਿਲਾਫ਼ ਇਸ ਵਿੱਢੀ ਮੁਹਿੰਮ ਨੂੰ ਤਦ ਤੱਕ ਜਾਰੀ ਰੱਖਿਆ ਜਾਵੇਗਾ, ਜਦ ਤੱਕ ਸਮਾਜ ਵਿੱਚੋਂ ਨਸ਼ਿਆਂ ਦਾ ਮੁਕੰਮਲ ਖਾਤਮਾ ਨਹੀਂ ਹ�ो ਜਾਂਦਾ। ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕਰਦਿਆਂ ਕਮੇਟੀ ਨੇ ਲੌਂਗੋਵਾਲ ਦੇ ਸਰਕਾਰੀ ਹਸਪਤਾਲ ਵਿਖੇ ਫੌਰੀ ਤੌਰ 'ਤੇ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦੀ ਮੰਗ ਕੀਤੀ ਤਾਂ ਜੋ ਪੀੜਤ ਨੌਜਵਾਨਾਂ ਦਾ ਇਲਾਜ ਕਰਕੇ ਜ਼ਿੰਦਗੀ ਦੇ ਅਸਲ ਮਾਰਗ ਤੋਰਿਆ ਜਾ ਸਕੇ।

ਲੌਂਗੋਵਾਲ ਜ਼ੋਨ ਦੇ ਟੇਬਲ ਟੈਨਿਸ ਦੇ ਮੁਕਾਬਲੇ ਕਰਵਾਏ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ) : ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਵਿਖੇ ਸਕੂਲ ਮੁਖੀ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਟੇਬਲ ਟੈਨਿਸ ਦੇ ਜ਼ੋਨ ਪੱਧਰੀ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਲੌਂਗੋਵਾਲ ਜ਼ੋਨ

20-August-PAGE-7.qxd 8/19/2023 10:48 PM Page 1

ਰੋਬੋਟਿਕ ਸਰਜੀਕਲ ਗਾਇਨੀਕੋਲੋਜੀ ਬਿਹਤਰ ਟੈਕਨਾਲੋਜੀ : ਡਾ ਪ੍ਰੀਤੀ ਜਿੰਦਲ

ਜਲੰਧਰ, (ਰਾਜੇਸ਼ ਥਾਪਾ)-"ਰੋਬੋਟਿਕ ਗਾਇਨੀ ਸਰਜਰੀ, ਜੋ ਰੋਬੋਟਿਕ ਟੈਕਨਾਲੋਜੀ ਦੀ ਵਰਤੋਂ ਗਾਇਨੀਕੋਲੋਜੀਕਲ ਸਰਜਰੀਆਂ ਕਰਨ ਲਈ ਕਰਦੀ ਹੈ, ਬਹੁਤ ਸਾਰੇ ਫਾਇਦੇ ਪ੍ਰਦਾਨ ਕਰਦੀ ਹੈ ਜਿਵੇਂ ਕਿ ਛੋਟੇ ਚੀਰੇ, ਘੱਟ ਖ਼ੂਨ ਦੀ ਕਮੀ, ਅਤੇ ਰਵਾਇਤੀ ਤਰੀਕਿਆਂ ਦੀ ਤੁਲਨਾ ਵਿੱਚ ਘੱਟ ਰਿਕਵਰੀ ਸਮਾਂ।" ਇਹ ਵਿਚਾਰ ਡਾ. ਪ੍ਰੀਤੀ ਜਿੰਦਲ ਜਿਹਡੇ ਕਿ ਇੱਕ ਸੀਨੀਅਰ ਸਲਾਹਕਾਰ ਗਾਇਨਾਕੋਲੋਜਿਸਟ, ਆਈਵੀਐਫ, ਹਾਈ-ਰਿਸਕ ਪ੍ਰੈਗਨੈਂਸੀ, ਲੈਪਰੋਸਕੋਪਿਕ ਅਤੇ ਰੋਬੋਟਿਕ ਸਰਜਨ ਹਨ ਨੇ ਇੱਥੇ ਆਯੋਜਿਤ ਇੱਕ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਉਸ ਨੇ ਦੱਸਿਆ ਕਿ ਰੋਬੋਟਿਕ ਗਾਇਨੀ ਸਰਜਰੀਆਂ ਜਿਵੇਂ ਕਿ ਹਿਸਟਰੇਕਟੋਮੀ-ਬੱਚੇਦਾਨੀ ਦੇ ਸਾਰੇ ਜਾਂ ਕੁੱਝ ਹਿੱਸੇ ਨੂੰ ਹਟਾਉਣ ਲਈ ਕੀਤੀ ਜਾਂਦੀ ਹੈ, ਐਂਡੋਮੈਟਰੀਓਸਿਸ ਸਰਜਰੀ-ਬੱਚੇਦਾਨੀ ਦੇ ਬਾਹਰ ਟਿਸ਼ੂਆਂ ਨੂੰ ਹਟਾਉਣ ਲਈ, ਓਫੋਰੇਕਟੋਮੀ - ਇੱਕ ਜਾਂ ਦੋਵੇਂ ਅੰਡਾਸ਼ਯ ਅਤੇ ਗਾਇਨੀ ਦੇ ਕੈਂਸਰ ਦੀਆਂ ਸਰਜਰੀਆਂ ਨੂੰ ਹਟਾਉਣ ਲਈ ਕੀਤੀ ਜਾਂਦੀ ਹੈ ਅਤੇ ਇਹ ਸਾਰੀਆਂ ਸਰਜਰੀਆਂ ਹੁਣ ਇਸ ਖੇਤਰ ਵਿੱਚ ਉਪਲਬਧ ਹਨ। ਉਨ੍ਹਾਂ ਦੱਸਿਆ ਕਿ, "ਰੋਬੋਟਿਕ ਗਾਇਨੀ ਸਰਜਰੀ ਇੱਕ ਨਵੀਨਤਮ ਅਤਿ-ਆਧੁਨਿਕ ਤਕਨੀਕ ਹੈ ਅਤੇ ਲੈਪਰੋਸਕੋਪਿਕ ਅਤੇ ਓਪਨ ਗਾਇਨੀ ਪ੍ਰਕਿਰਿਆਵਾਂ ਦੋਵਾਂ ਦੇ ਮੁਕਾਬਲੇ ਇਸ ਦੇ ਕਈ ਫਾਇਦੇ ਹਨ।"

ਪ੍ਰੋਜੈਕਟ ਸਮਰਥ ਤਹਿਤ ਜ਼ਿਲ੍ਹਾ ਪੱਧਰੀ ਤਿੰਨ ਰੋਜ਼ਾ ਸਿਖਲਾਈ ਵਰਕਸ਼ਾਪ ਦੀ ਸ਼ੁਰੂਆਤ

ਐੱਸ.ਏ.ਐੱਸ ਨਗਰ, (ਗੁਰਜੀਤ ਬਿੱਲਾ)-ਪੰਜਾਬ ਸਰਕਾਰ ਦੇ ਸਕੂਲ ਸਿੱਖਿਆ ਵਿਭਾਗ ਅਤੇ ਐੱਸ ਸੀ ਈ ਆਰ ਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਭਾਗੋਮਾਜਰਾ ਵਿਖੇ 'ਪ੍ਰੋਜੈਕਟ ਸਮਰਥ' ਤਹਿਤ ਰਿਸੋਰਸਪਰਸਨ ਅਧਿਆਪਕਾਂ ਦੇ ਤਿੰਨ ਰੋਜਾ ਸਿਖਲਾਈ ਵਰਕਸ਼ਾਪ ਦੀ ਸ਼ੁਰੂਆਤ ਕੀਤੀ ਗਈ। ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਅਸ਼ਵਨੀ ਕੁਮਾਰ ਦੱਤਾ ਅਤੇ ਡਿਪਟੀ ਡੀਈਓ ਐਲੀਮੈਂਟਰੀ ਪਰਮਿੰਦਰ ਕੌਰ ਦੀ ਅਗਵਾਈ ਹੇਠ ਤਿੰਨ ਰੋਜਾ ਸਿਖਲਾਈ ਵਰਕਸ਼ਾਪ ਦਾ ਆਗਾਜ਼ ਕੀਤਾ ਗਿਆ,ਜਿਸਦਾ ਮਕਸਦ ਪ੍ਰਾਇਮਰੀ ਸਕੂਲਾਂ ਵਿੱਚ ਤੀਜੀ ਤੋਂ ਪੰਜਵੀਂ ਜਮਾਤਾਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਟ੍ਰੇਨਿੰਗ ਦੇਣਾ ਹੈ। ਟ੍ਰੇਨਿੰਗ ਵਰਕਸ਼ਾਪ ਸਿਖਲਾਈਕਾਰਾਂ ਅਰਵਿੰਦਰ ਕੌਰ, ਸੁਖਵੰਤ ਕੌਰ, ਮਨਵੀਰ ਸਿੰਘ, ਰਾਜੇਸ਼ ਚੌਧਰੀ ਦੁਆਰਾ ਇਹ ਸਿਖਲਾਈ ਵਰਕਸ਼ਾਪ ਚਲਾਈ ਜਾ ਰਹੀ ਹੈ,ਜਿਸ ਵਿੱਚ ਸਾਰੇ ਬਲਾਕਾਂ ਦੇ ਲੱਗਭਗ 26 ਰਿਸੋਰਸਪਰਸਨ ਅਧਿਆਪਕਾਂ ਨੂੰ ਸਿਖਲਾਈ ਦਿੱਤੀ ਗਈ ਹੈ ਜੋ ਕਿ ਅਗਲੇ ਦਿਨਾਂ ਵਿੱਚ ਆਪੋ ਆਪਣੇ ਬਲਾਕਾਂ ਵਿੱਚ ਅਧਿਆਪਕਾਂ ਨੂੰ ਸਿਖਲਾਈ ਦੇਣਗੇ। ਇਸ ਮੌਕੇ ਡੀਈਓ ਐਲੀਮੈਂਟਰੀ ਅਸਵਨੀ ਕੁਮਾਰ ਦੱਤਾ ਵੱਲੋਂ ਵਰਕਸਾਪ ਦਾ ਦੌਰਾ ਕੀਤਾ ਅਤੇ ਉਨ੍ਹਾਂ ਨੂੰ ਸੰਬੋਧਨ ਕੀਤਾ।

ਭਾਦਰੋਂ ਮਹੀਨੇ ਦੀ ਸੰਗਰਾਂਦ ਸ਼ਰਧਾ ਨਾਲ ਮਨਾਈ

ਅਲਾਵਲਪੁਰ (ਮਦਨ ਬੰਗੜ)- ਰਵਿਦਾਸੀਆ ਧਰਮ ਪ੍ਰਚਾਰ ਸਥਾਨ ਕਾਹਨਪੁਰ ਵਿਖੇ ਭਾਦਰੋਂ ਮਹੀਨੇ ਦੀ ਸੰਗਰਾਂਦ ਪੁਰਬ ਸੰਤ ਸੁਰਿੰਦਰ ਦਾਸ ਬਾਵਾ ਦੀ ਸਰਪ੍ਰਸਤੀ ਹੇਠ ਸ਼ਰਧਾਪੂਰਵਕ ਮਨਾਇਆ ਗਿਆ। ਅੰਮ੍ਰਿਤ ਵੇਲੇ ਤੋਂ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਜਾਪ ਆਰਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸੰਤਾਂ ਨੇ ਪਰਵਚਨਾਂ ਰਾਹੀਂ ਭਾਦਰੋਂ ਮਹੀਨੇ ਦਾ ਸਤਿਸੰਗ ਸਰਵਣ ਕਰਵਾਇਆ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਮੂਲ ਨਿਵਾਸੀਆਂ ਤੇ ਹੋ ਰਹੇ ਅੱਤਿਆਚਾਰ ਬੰਦ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਵਿਦਿਆ ਪ੍ਰਾਪਤ ਕਰਵਾਉਣ। ਉਨ੍ਹਾਂ ਨਸ਼ਿਆਂ, ਵਹਿਮਾਂ-ਭਰਮਾਂ ਦਾ ਤਿਆਗ ਕਰਨ ਅਤੇ ਮੂਲੁ ਰਹਿਬਰਾਂ ਦੀ ਵਿਚਾਰਧਾਰਾ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਕੀਰਤਨੀ ਜਥਿਆਂ ਵਿੱਚ ਜਗਤ ਗੁਰੂ ਰਵਿਦਾਸ ਸੰਗੀਤ ਅਕੈਡਮੀ ਕਾਹਨਪੁਰ, ਬੰਗੜ ਬ੍ਰਦਰਜ, ਮਾਸਟਰ ਕਮਲ ਵਰਿਆਣਵੀ ,ਭਾਈ ਰਵਿੰਦਰ ਸਿੰਘ ਜਥਾ ਮੈਹਦਪੁਰ ਨਕੋਦਰ ਅਤੇ ਜੀਵਨ ਸੋਹਲ ਨੇ ਹਾਜਰੀ ਲਗਵਾਈ। ਸਟੇਜ ਸਕੱਤਰ ਦੀ ਸੇਵਾ ਸੁਖਵਿੰਦਰ ਗੋਲਡੀ ਵਲੋਂ ਨਿਭਾਈ ਗਈ।

ਸਾਥੀ ਵਿਜੇ ਮਿਸ਼ਰਾ ਨਮਿਤ ਸ਼ਰਧਾਂਜਲੀ ਸਮਾਗਮ ਅੱਜ

ਜਲੰਧਰ (ਰਾਜੇਸ਼ ਥਾਪਾ)- ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੇ ਸੂਬਾ ਸਕੱਤਰੇਤ ਦੇ ਮੈਂਬਰ ਅਤੇ ਸੀਟੀਯੂ ਪੰਜਾਬ ਦੇ ਪ੍ਰਧਾਨ ਸਾਥੀ ਵਿਜੇ ਮਿਸ਼ਰਾ ਨਮਿੱਤ ਸ਼ਰਧਾਂਜਲੀ ਸਮਾਗਮ 20 ਅਗਸਤ ਨੂੰ 'ਚਿਨਮਯ ਮਿਸ਼ਨ', ਰਣਜੀਤ ਐਵੇਨਿਊ ਅੰਮ੍ਰਿਤਸਰ ਵਿਖੇ ਹੋਵੇਗਾ। ਆਰ.ਐਮ.ਪੀ.ਆਈ. ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਇੱਥੋਂ ਜਾਰੀ ਇੱਕ ਬਿਆਨ ਰਾਹੀਂ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਾਰਟੀ ਅਤੇ ਭਰਾਤਰੀ ਖੱਬੀਆਂ ਪਾਰਟੀਆਂ ਦੇ ਸਿਰਮੌਰ ਆਗੂਆਂ ਤੋਂ ਇਲਾਵਾ ਟਰੇਡ ਯੂਨੀਅਨਾਂ ਤੇ ਜਨ ਸੰਗਠਨਾਂ ਦੇ ਪ੍ਰਮੁੱਖ ਨੁਮਾਇੰਦੇ ਸਾਥੀ ਮਿਸ਼ਰਾ ਨੂੰ ਪੁਸ਼ਪਾਂਜਲੀ ਭੇਂਟ ਕਰਨਗੇ।

ਡੇਂਗੂ ਪ੍ਰਤੀ ਕੀਤਾ ਜਾਗਰੂਕ

ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)— ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਨਿਰਦੇਸ਼ਾਂ ਪਿੰਡ ਦੁਰਗਾਪੁਰ ਲਖਵੀਰ ਭੱਟੀ, ਆਸ਼ਾ ਵਰਕਰ ਤਸਮੇਸ਼ ਕੌਰ ਹਰਪ੍ਰੀਤ ਬੀਡਰ ਚੈਕਰ, ਨੇ ਦੱਸਿਆ ਨੂੰ ਡੇਂਗੂ ਲੋਕਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ ਕਿ ਅਜਿਹੇ ਕੱਪੜੇ ਪਾਉਣੇ ਚਾਹੀਦੇ ਹਨ, ਜਿਨ੍ਹਾਂ ਨਾਲ ਪੂਰਾ ਸਰੀਰ ਢੱਕਿਆ ਹੋਵੇ ਤਾਂ ਜੋ ਮੱਛਰ ਨਾ ਕੱਟ ਸਕੇ। ਮੱਛਰ ਪੈਦਾ ਹੋਣ ਦੇ ਸੋਮਿਆਂ ਦਾ ਖਾਤਮਾ ਕੀਤਾ ਜਾਵੇ। ਇਸ ਲਈ ਡੇਂਗੂ ਦੇ ਲਾਰਵੇ ਨੂੰ ਪੈਦਾ ਕਰਨ ਵਾਲੀ ਜਗ੍ਹਾ (ਜਿਵੇਂ ਕਿ ਕੂਲਰ, ਗਮਲੇ, ਫਰਿੱਜ ਦੀ ਟ੍ਰੇਅ ਤੇ ਹੋਰ ਪਾਣੀ ਨਾਲ ਭਰੇ ਭਾਂਡੇ ਆਪਣੇ ਘਰਾਂ, ਦਫਤਰਾਂ ਵਿਖੇ ਕੂਲਰਾਂ ,ਗਮਲਿਆਂ, ਫਰਿੱਜਾਂ ਪਿਛਲੀਆਂ ਟਰੇਆਂ ਤੇ ਵਾਧੂ ਪਏ ਬਰਤਨਾਂ ਆਦਿ ਨੂੰ ਹਫਤੇ ਵਿੱਚ ਇੱਕ ਵਾਰ ਪਾਣੀ ਸੁਕਾਉਣਾ ਚਾਹੀਦਾ ਹੈ। ਕਿਸੇ ਨੂੰ ਡੇਂਗੂ ਦੀਆਂ ਅਲਾਮਤਾਂ ਨਜਰ ਆਉਂਦੀਆਂ ਹਨ ਤਾਂ ਉਸ ਦੀ ਤੁਰੰਤ ਨਜ਼ਦੀਕੀ ਹਸਪਤਾਲ ਵਿੱਚ ਜਾ ਕੇ ਜਾਂਚ ਕਰਵਾਈ ਜਾਵੇ।

ਸਾਲਾਨਾ ਲੰਗਰ 24 ਤੱਕ ਰਹੇਗਾ ਜਾਰੀ

ਕਰਤਾਰਪੁਰ (ਹਰਮੇਸ਼ ਦੱਤ) ਮਾਤਾ ਚਿੰਤਪੁਰਨੀ ਲੰਗਰ ਕਮੇਟੀ ਦਿਆਲਪੁਰ ਮੁਰਾਰ ਮਾਤਾ ਰਾਣੀ ਜੀ ਦੇ ਸਾਉਣ ਦੇ ਮੇਲੇ ਦੇ ਸਬੰਧ ਵਿੱਚ 29ਵਾਂ ਸਾਲਾਨਾ ਲੰਗਰ 20 ਅਗਸਤ ਤੋਂ 24 ਅਗਸਤ ਤੱਕ ਹਿਮਾਚਲ ਪ੍ਰਦੇਸ਼ ਵਿੱਚ ਬੰਬੇ ਪਿਕਨਿਕ ਸਪਾਟ ਦੇ ਨਜਦੀਕ ਜੈਨ ਹਵੇਲੀ ਦੇ ਨਾਲ ਪਿੱਪਲਾਂ ਵਾਲਾ ਢਾਬਾ ਵਿਖੇ ਲਗਾਇਆ ਜਾਵੇਗਾ। ਇਸ ਸਬੰਧ ਵਿੱਚ ਇਕ ਵਿਸ਼ਾਲ ਸੋਭਾ ਯਾਤਰਾ ਕੱਢੀ ਗਈ, ਸ਼ਰਧਾਲੂਆਂ ਵੱਲੋ ਵੱਖ ਵੱਖ ਪ੍ਰਕਾਰ ਦੇ ਲੰਗਰ ਲਗਾਏ ਹੋਏ ਸਨ, ਬੁੰਗੇ ਮੰਦਿਰ ਵਿੱਚ ਕੜੀ ਚਾਵਲ ਦਾ ਲੰਗਰ ਲਗਾਇਆ ਗਿਆ। ਦੇਰ ਰਾਤ ਨੂੰ ਵੱਡੀ ਗਿਣਤੀ ਵਿੱਚ ਸ਼ਰਧਾਲੂ ਪੈਦਲ ਮਾਤਾ ਚਿੰਤਪੁਰਨੀ ਦਰਬਾਰ ਲਈ ਰਵਾਨਾ ਹੋਏ।

ਵਿਦਿਆਰਥੀਆਂ ਨੂੰ ਪੜ੍ਹਨ ਸਮੱਗਰੀ ਵੰਡੀ

ਮੋਰਿੰਡਾ (ਜੈਜੀ ਸਰਦਾਰ) ਨਜਦੀਕੀ ਪਿੰਡ ਬੰਗੀਆਂ ਦੇ ਸਮਾਜ ਸੇਵੀ ਜੋਗਿੰਦਰ ਸਿੰਘ ਬੰਗੀਆਂ ਦੇ ਪਰਵਾਰ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਬੰਗੀਆਂ ਦੇ ਵਿਦਿਆਰਥੀਆਂ ਨੂੰ ਪੜ੍ਹਨ ਸਮੱਗਰੀ ਵੰਡੀ ਗਈ। ਸਕੂਲ ਮੁਖੀ ਸਰਤਾਜ ਮੁਹੰਮਦ ਭੱਟੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸਕੂਲ ਅਤੇ ਆਂਗਣਵਾੜੀ ਕੇਂਦਰ ਵਿਦਿਆਰਥੀਆਂ ਨੂੰ ਸਮੱਗਰੀ ਵੰਡੀ ਗਈ ਹੈ। ਇਸ ਮੌਕੇ ਪਹਿਲਾਂ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਉਪਰੰਤ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਭਿੰਦਰ ਸਿੰਘ ਰਾਜੂ, ਜੋਗਿੰਦਰ ਸਿੰਘ ਬੰਗੀਆਂ ਫ਼੍ਰੀਮ ਪੈਲੇਸ, ਸੁਰਜੀਤ ਸਿੰਘ ਬੰਗੀਆਂ, ਮਨਪ੍ਰੀਤ ਕੌਰ ,ਰਾਜਿੰਦਰ ਸਿੰਘ, ਬਲਬੀਰ ਕੌਰ ਪੰਚ,ਮਲਕੀਤ ਸਿੰਘ ਪੰਚ, ਗੁਰਮੀਤ ਸਿੰਘ ,ਰਘਬੀਰ ਸਿੰਘ ਅਤੇ ਜਸਮਿੰਦਰ ਸਿੰਘ ਆਦਿ ਹਾਜਰ ਸਨ।

ਕੇਂਦਰ ਸਰਕਾਰ ਪੰਜਾਬ ਨੂੰ ਦਸ ਹਜ਼ਾਰ ਕਰੋੜ ਰੁਪਏ ਦਾ ਹੜ੍ਹ ਰਾਹਤ ਪੈਕੇਜ ਦੇਵੇ : ਸੰਯੁਕਤ ਕਿਸਾਨ ਮੋਰਚਾ

ਸ਼ਾਹਕੋਟ (ਗਿਆਨ ਸੈਦਪੁਰੀ)-ਸੰਯੁਕਤ ਕਿਸਾਨ ਮੋਰਚਾ 'ਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜੱਥੇਬੰਦੀਆਂ ਨੇ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਨਾਲ ਸੰਬੰਧਤ ਮੰਤਰੀਆਂ, ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੇ ਘਰਾਂ ਅਤੇ ਦਫਤਰਾਂ ਦੇ ਘਿਰਾਓ ਕਰਕੇ ਹੜ੍ਹਾਂ ਦੀ ਮਾਰ ਸਹਿ ਰਹੇ ਪੰਜਾਬ ਦੇ ਲੋਕਾਂ ਨੂੰ ਫੌਰੀ ਰਾਹਤ ਦੇਣ ਦੀ ਮੰਗ ਕੀਤੀ ਕੇ ਕਿਹਾ ਕਿ ਹੜ੍ਹਾਂ ਨਾਲ ਹੋਏ ਵਿਆਪਕ ਨੁਕਸਾਨ ਨੂੰ ਕੌਮੀ ਆਫਤ ਐਲਾਣ ਕੇ ਪੰਜਾਬ ਨੂੰ ਦਸ ਹਜਾਰ ਕਰੋੜ ਰੁਪਏ ਦਾ ਵਿਸ਼ੇਸ਼ ਪੈਕੇਜ ਦਿੱਤਾ ਜਾਵੇ।

ਮੋਰਚੇ ਨੇ ਪੰਜਾਬ ਸਰਕਾਰ ਵਲੋਂ ਪੰਦਰਾਂ ਹਜਾਰ ਰੁਪਏ ਪ੍ਰਤੀ ਏਕੜ ਦੇ ਮੁਆਵਜੇ ਨੂੰ ਨਾਕਾਫੀ ਦੱਸਦੇ ਹੋਏ ਇਸ ਨੂੰ ਬਿਪਤਾ ਸਹਿ ਰਹੇ ਕਿਸਾਨਾਂ ਨਾਲ ਬੇਹੂਦਾ ਮਜਾਕ ਕਰਾਰ ਦਿੱਤਾ ਹੈ। ਚੇਤਾਵਨੀ ਪੱਤਰ ਦਿੰਦਿਆਂ ਆਗੂਆਂ ਨੇ ਕਿਹਾ ਗਿਆ ਕਿ ਕਾਰਪੋਰੇਟ ਦੇ ਮੁਨਾਫੇ ਦੀ ਧੁੱਸ ਕਾਰਨ ਕੁਦਰਤ ਨਾਲ ਕੀਤੇ ਖਿਲਵਾੜ ਦਾ ਅਸਰ ਅੱਜ ਮੌਸਮੀ ਤਬਦੀਲੀਆਂ ਦੇ ਰੂਪ 'ਚ ਪ੍ਰਤੱਖ ਨਜਰ ਆ ਰਿਹਾ। ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਨਿਰਧਾਰਤ ਕਰਦਿਆਂ ਕਿਸਾਨ ਜੱਥੇਬੰਦੀਆਂ ਨੇ ਕਿਹਾ ਕਿ ਸਰਕਾਰ ਵਲੋਂ ਦਰਿਆਵਾਂ ਦੇ ਬੰਨ੍ਹ, ਨਦੀਆਂ-ਨਾਲਿਆਂ ਦੀ ਸਾਫ-ਸਫਾਈ ਵੱਲ ਬੇਧਿਆਨੀ ਵੀ ਹੜ੍ਹ ਆਉਣ ਦਾ ਇੱਕ ਕਾਰਨ ਹੈ । ਉਨ੍ਹਾਂ ਪੰਜਾਬ ਸਰਕਾਰ ਵਲੋਂ ਵਿਸ਼ੇਸ਼ ਗਿਰਦਾਵਰੀ ਦੇ ਕੀਤੇ ਹੁਕਮਾਂ ਨੂੰ ਕਾਗਜੀ ਐਲਾਨ ਦੱਸਦਿਆਂ ਕਿਹਾ ਕਿ ਜਮੀਨੀ ਪੱਧਰ 'ਤੇ ਅਧਿਕਾਰੀਆਂ ਵਲੋਂ ਅਣਗਹਿਲੀ ਵਰਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨੁਕਸਾਨ ਦਾ ਮੁਆਵਜਾ ਵੱਖ-ਵੱਖ ਸਲੈਬਾਂ ਬਣਾ ਕੇ ਦਿੱਤਾ ਜਾਵੇ, ਜਿਨ੍ਹਾਂ ਕਿਸਾਨਾਂ ਦੀ ਪੂਰੀ ਫਸਲ ਬਰਬਾਦ ਹੋ ਗਈ ਤੇ ਅਗਲੀ ਫਸਲ ਦੀ ਬਿੰਜਾਈ ਤੇ ਵੀ ਸੰਕਟ ਮੰਡਰਾ ਰਿਹਾ ਉਨ੍ਹਾਂ ਨੂੰ ਇੱਕ ਲੱਖ ਰੁਪਏ ਪ੍ਰਤੀ ਏਕੜ, ਇੱਕ ਫਸਲ ਦੀ ਪੈਦਾਵਾਰ ਨਾ ਹੋਣ ਦਾ 70,000 ਰੁਪਏ ਪ੍ਰਤੀ ਏਕੜ ,ਪਾਣੀ ਉਤਰਨ ਮਗਰੋਂ ਮੁੜ ਫਸਲ ਬੀਜਣ ਵਾਲੇ ਕਿਸਾਨਾਂ ਨੂੰ 30 ਹਜਾਰ ਰੁਪਏ ਪ੍ਰਤੀ ਏਕੜ, ਪਰਵਾਰ ਦੇ ਮਰੇ ਜੀਅ ਦਾ 10 ਲੱਖ ਰੁਪਏ ਅਤੇ ਮਰੇ ਪਸ਼ੂ ਇੱਕ ਲੱਖ ਰੁਪਏ ਪ੍ਰਤੀ ਪਸ਼ੂ ਅਤੇ ਨੁਕਸਾਨੇ ਗਏ ਘਰਾਂ ਦਾ ਪੰਜ ਲੱਖ ਰੁਪਏ ਮੁਆਵਜਾ ਦੇਣ ਦੀ ਮੰਗ ਕੀਤੀ ਗਈ। ਜਿੰਨ੍ਹਾਂ ਕਿਸਾਨਾਂ ਦੇ ਬੋਰ ਖੜ ਗਏ ਹਨ ਜਾਂ ਜਿੰਨ੍ਹਾਂ ਦੇ ਖੇਤਾਂ ਵਿੱਚ ਗਾਰ ਜਾਂ ਰੇਤਾ ਭਰ ਗਿਆ ਉਨ੍ਹਾਂ ਮਿੱਟੀ ਚੁਕਾਉਣ 'ਚ ਛੋਟਾਂ ਦੇਣ ਦੇ ਨਾਲ-ਨਾਲ ਹੋਏ ਨੁਕਸਾਨ ਦੇ ਅਨੁਪਾਤ ਅਨੁਸਾਰ ਵਿਸ਼ੇਸ਼ ਮੁਆਵਜਾ ਦੇਣ ਦੀ ਮੰਗ ਵੀ ਕੀਤੀ ਗਈ ਹੈ। ਚੇਤਾਵਨੀ ਪੱਤਰ 'ਚ ਮੰਗ ਕੀਤੀ ਗਈ ਹੈ ਕਿ ਪ੍ਰਭਾਵਿਤ ਕਿਸਾਨਾਂ-ਮਜਦੂਰਾਂ ਦੇ ਕਰਜਿਆਂ ਦੀ ਕਿਸ਼ਤਾਂ ਅੱਗੇ ਪਾਈਆਂ ਜਾਣ ਅਤੇ ਕਿਸ਼ਤਾਂ ਦਾ ਵਿਆਜ ਮਾਫ ਕੀਤਾ ਜਾਵੇ ਜਾਂ ਸਰਕਾਰ ਖੁਦ ਭਰੇ। ਸੰਯੁਕਤ ਕਿਸਾਨ ਮੋਰਚਾ ਨੇ ਮੁਆਵਜੇ ਦੇ ਘੇਰੇ ਵਿੱਚ ਆਬਾਦਕਾਰਾਂ, ਠੇਕੇ 'ਤੇ ਜਮੀਨ ਲੈ ਕੇ ਖੇਤੀ ਕਰਨ ਵਾਲੇ ਕਾਸ਼ਤਕਾਰਾਂ ਅਤੇ 2007 ਤੋਂ ਰਾਹਤ ਮੁਆਵਜੇ ਦੇ ਘੇਰੇ 'ਚੋਂ ਕੱਢ ਦਿੱਤੇ ਗਏ ਉਤਪਾਦਕਾਂ ਨੂੰ ਵੀ ਸ਼ਾਮਲ ਕਰਨ ਦੀ ਮੰਗ ਵੀ ਕੀਤੀ ਹੈ। ਸੰਯੁਕਤ ਕਿਸਾਨ ਮੋਰਚੇ ਨੇ ਮਜਦੂਰ ਪਰਵਾਰਾਂ ਨੂੰ ਵੀ ਹੋਏ ਨੁਕਸਾਨ ਦਾ ਬਰਾਬਰ ਮੁਆਵਜਾ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਹਰੇਕ ਪ੍ਰਭਾਵਿਤ ਮਜਦੂਰ ਪਰਵਾਰ ਨੂੰ ਵਿਸ਼ੇਸ਼ ਤੌਰ 'ਤੇ ਮੁਆਵਜੇ ਤੋਂ ਅਲੱਗ 50 ਹਜਾਰ ਰੁਪਏ ਪ੍ਰਤੀ ਪਰਵਾਰ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਉਹ ਆਪਣੇ ਪਰਵਾਰ ਅਤੇ ਪਸ਼ੂਆਂ ਲਈ ਲੋੜੀਂਦੇ ਪ੍ਰਬੰਧ ਕਰ ਸਕਣ। ਘਿਰਾਓ ਪ੍ਰੋਗਰਾਮਾਂ ਦੀ ਅਗਵਾਈ ਬਲਦੇਵ ਸਿੰਘ ਨਿਹਾਲਗੜ੍ਹ, ਹਰਮੀਤ ਸਿੰਘ ਕਾਦੀਆਂ,ਮੇਜਰ ਸਿੰਘ ਪੁੰਨਾਵਾਲ, ਬਲਵਿੰਦਰ ਸਿੰਘ ਮੱਲ੍ਹੀਨੰਗਲ, ਨਿਰਭੈ ਸਿੰਘ ਢੁੱਡੀਕੇ, ਫੁਰਮਾਨ ਸਿੰਘ ਸੰਧੂ, ਡਾ. ਦਰਸ਼ਨਪਾਲ, ਮਨਜੀਤ ਸਿੰਘ ਰਾਏ, ਬੂਟਾ ਸਿੰਘ ਬੁਰਜ ਗਿੱਲ, ਜੰਗਵੀਰ ਸਿੰਘ ਚੌਹਾਨ, ਰੁਲਦੂ ਸਿੰਘ ਮਾਨਸਾ,ਮਨਜੀਤ ਸਿੰਘ ਧਨੇਰ, ਪਰਮਿੰਦਰ ਸਿੰਘ ਪਾਲਮਾਜਰਾ, ਬੂਟਾ ਸਿੰਘ ਸਾਦੀਪੁਰ,ਹਰਜੀਤ ਸਿੰਘ ਰਵੀ,ਮਲੂਕ ਸਿੰਘ ਹੀਰਕੇ, ਸਤਨਾਮ ਸਿੰਘ ਅਜਨਾਲਾ, ਸਤਨਾਮ ਸਿੰਘ ਬਹਿਰੂ,ਵੀਰ ਸਿੰਘ ਬੜਵਾ, ਬਿੰਦਰ ਸਿੰਘ ਗੋਲੇਵਾਲਾ, ਹਰਦੇਵ ਸਿੰਘ ਸੰਧੂ,ਨਿਰਵੈਲ ਸਿੰਘ ਡਾਲੇਕੇ, ਕਿਰਪਾ ਸਿੰਘ ਨੱਥ

20-August-PAGE-8.qxd 8/19/2023 10:47 PM Page 1

ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ 38ਵੀਂ ਬਰਸੀ ਮੌਕੇ ਲੌਂਗੋਵਾਲ ਵਿਸ਼ੇਸ਼ ਸਪਲੀਮੈਂਟ

ਸਿੱਖ ਕੌਮ ਦੇ ਮਹਾਨ ਆਗੂ, ਦਰਵੇਸ਼ ਸਿਆਸਤਦਾਨ, ਸਿਆਸਤ ਦੇ ਕੀਲਮ ਪਿਤਾਮਾ, ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਮੀਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ

(ਪ੍ਰਧਾਨ ਸ਼੍ਰੋਮਣੀ ਅਕਾਲੀ ਦਲ) ਜੀ ਦੀ

38 ਵੀਂ ਸਲਾਨਾ ਬਰਸੀ

20 ਅਗਸਤ 2023 ਦਿਨ ਐਤਵਾਰ ਨੂੰ

ਸ਼ਹੀਦ ਭਾਈ ਮਨੀ ਸਿੰਘ ਖਾਲਸਾ ਕਾਲਜ, ਕੈਂਬੋਵਾਲ ਰੋਡ ਲੌਂਗੋਵਾਲ ਵਿਖੇ ਮਨਾਈ ਜਾਵੇਗੀ।

-: ਪ੍ਰੋਗਰਾਮ :-
18 ਅਗਸਤ 2023 (ਸ਼ੁੱਕਰਵਾਰ) ਸ੍ਰੀ ਅਖੰਡ ਪਾਠ ਪ੍ਰਕਾਸ਼ 11 ਵਜੇ
19 ਅਗਸਤ, 2023 (ਸ਼ਨੀਵਾਰ) ਧਾਰਮਿਕ ਦੀਵਾਨ 10 ਵਜੇ
20 ਅਗਸਤ, 2023 (ਐਤਵਾਰ) ਭੋਗ ਸ੍ਰੀ ਅਖੰਡ ਪਾਠ ਸਾਹਿਬ 10 ਵਜੇ

ਗੁਰੂ ਪੰਥ ਦਾ ਦਾਸ
ਭਾਈ ਗੋਬਿੰਦ ਸਿੰਘ ਲੌਂਗੋਵਾਲ
ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 94172-00542, 94172-31200

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ 38ਵੇਂ ਬਲੀਦਾਨ ਤੇ ਸ਼ਰਧਾਂਜ਼ਲੀ ਭੇਂਟ ਕਰਦੇ ਹਾਂ।

ਵੱਲੋਂ:-
ਕਾਨੂੰਗੋ ਅਮਰੀਕ ਸਿੰਘ, ਪਟਵਾਰੀ ਅਮਨਪ੍ਰੀਤ ਸਿੰਘ, ਪਟਵਾਰੀ ਬਲਵਿੰਦਰ ਸਿੰਘ, ਪਟਵਾਰੀ ਮਨਦੀਪ ਸਿੰਘ, ਪਟਵਾਰੀ ਰਾਮ ਸਿੰਘ, ਪਟਵਾਰੀ ਗੁਰਮੀਤ ਕੌਰ, ਪਟਵਾਰੀ ਲਲਿਤ ਗਰਗ, ਪਟਵਾਰੀ ਸੁਰਿੰਦਰ ਸਿੰਘ, ਚੌਕੀਦਾਰ ਰਣਜੀਤ ਸਿੰਘ ਤੇ ਕਾਨੂੰਗੋ ਸਹਾਇਕ ਭੁਪਿੰਦਰ ਸਿੰਘ

ਸੰਤ ਹਰਚੰਦ ਸਿੰਘ ਜੀ | ਭਾਈ ਗੋਬਿੰਦ ਸਿੰਘ ਲੌਂਗੋਵਾਲ (ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ) | ਹਰਜੀਤ ਸਿੰਘ ਗਿੱਲ ਸਾਬਕਾ ਨਗਰ ਕੌਂਸਲਰ

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ 38ਵੇਂ ਬਲਿਦਾਨ ਦਿਵਸ ਮੌਕੇ ਸ਼ਰਧਾਂਜ਼ਲੀ ਭੇਂਟ ਕਰਦੇ ਹਾਂ।

ਵੱਲੋਂ: ਹਰਜੀਤ ਸਿੰਘ ਗਿੱਲ, ਸਾਬਕਾ ਨਗਰ ਕੌਂਸਲਰ, ਲੌਂਗੋਵਾਲ

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ 38ਵੇਂ ਬਲਿਦਾਨ ਦਿਵਸ ਮੌਕੇ ਸ਼ਰਧਾਂਜ਼ਲੀ ਭੇਂਟ ਕਰਦੇ ਹਾਂ।

ਨਰਿੰਦਰ ਸ਼ਰਮਾ (ਹੈਡ ਟੀਚਰ)
ਸਰਕਾਰੀ ਪ੍ਰਾਇਮਰੀ ਸਕੂਲ ਸ਼ਾਹਪੁਰ ਕਲਾਂ

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ 38ਵੇਂ ਬਲਿਦਾਨ ਦਿਵਸ ਮੌਕੇ ਸ਼ਰਧਾਂਜ਼ਲੀ ਭੇਂਟ ਕਰਦੇ ਹਾਂ।

ਮੰਗਤ ਰਾਏ (ਮੰਗੂ ਆੜ੍ਹਤੀਆ)
ਪ੍ਰਧਾਨ ਪੈਸਟੀਸਾਈਡ ਯੂਨੀਅਨ ਲੌਂਗੋਵਾਲ
ਪ੍ਰਧਾਨ ਗਊਸ਼ਾਲਾ ਕਮੇਟੀ, ਲੌਂਗੋਵਾਲ
ਮੋ. 98152-25458

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ 38ਵੇਂ ਬਲੀਦਾਨ ਤੇ ਸ਼ਰਧਾਂਜ਼ਲੀ ਭੇਂਟ ਕਰਦੇ ਹਾਂ।

ਰਤਨ ਕੁਮਾਰ ਮੰਗੂ
ਭਾਜਪਾ ਮੰਡਲ ਪ੍ਰਧਾਨ, ਲੌਂਗੋਵਾਲ

ਪ੍ਰਦੀਪ ਸੱਪਲ (ਪੱਤਰਕਾਰ ਲੌਂਗੋਵਾਲ) 94648-60465

ਕੁਲਦੀਪ ਅੱਤਰੀ (ਪੱਤਰਕਾਰ ਲੌਂਗੋਵਾਲ) 98567-24000

ਧੰਨਵਾਦ

ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ 38ਵੀਂ ਬਰਸੀ ਮੌਕੇ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਕਰਨ ਵਾਲੇ ਸਹਿਯੋਗੀਆਂ ਦਾ ਧੰਨਵਾਦ ਅਤੇ ਭਵਿੱਖ ਵਿੱਚ ਵੀ ਆਪ ਜੀ ਦੇ ਭਰਪੂਰ ਹੁੰਗਾਰੇ ਦੀ ਆਸ ਵਿੱਚ।

ਸਾਰੇ ਪਾਠਕਾਂ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ 38ਵੀਂ ਬਰਸੀ ਮੌਕੇ ਜਵਾਹਰ ਨਵੋਦਿਆ ਵਿਦਿਆਲਿਆ ਲੌਂਗੋਵਾਲ (ਸੰਗਰੂਰ) ਦੇ ਪ੍ਰਿੰਸੀਪਲ, ਸਮੂਹ ਸਟਾਫ ਅਤੇ ਬੱਚਿਆਂ ਵੱਲੋਂ ਨਿੱਘੀ ਸ਼ਰਧਾਂਜ਼ਲੀ

ਵਿਸ਼ੇਸ਼ਤਾਵਾਂ ਅਤੇ ਸਹੂਲਤਾਂ:-

* ਇਲਾਕੇ ਦੇ ਬੱਚਿਆਂ ਨੂੰ ਉੱਚ ਪੱਧਰੀ ਆਧੁਨਿਕ ਸਿੱਖਿਆ ਜਿਸ ਵਿੱਚ ਸੱਭਿਆਚਾਰ, ਆਚਰਨ ਨਿਰਮਾਣ, ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਪ੍ਰਤੀਯੋਗੀ ਵਿਚਾਰਧਾਰਾ ਅਧੀਨ ਬੱਚਿਆਂ ਨੂੰ ਤਿਆਰ ਕਰਨਾ।
* ਇਸ ਸਾਲ ਨਵੋਦਿਆ ਸਕੂਲ ਲੌਂਗੋਵਾਲ ਦਾ ਦਸਵੀਂ ਅਤੇ 12ਵੀਂ ਜਮਾਤ ਦਾ ਨਤੀਜ਼ਾ 100% ਰਿਹਾ ਹੈ।
* ਬੱਚਿਆਂ ਨੂੰ ਆਧੁਨਿਕਤਾ ਨਾਲ ਜੋੜਣ ਲਈ ਕੰਪਿਊਟਰ ਸਿੱਖਿਆ ਅਤੇ ਸਮਾਰਟ ਕਲਾਸ ਰੂਮ ਰਾਹੀਂ ਸਿੱਖਿਆ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਐਨ.ਐਸ.ਐਸ., ਐਨ.ਸੀ.ਸੀ. ਸਕਾਊਟ, ਗਾਈਡ, ਖੇਡਾਂ ਆਦਿ ਦੀਆਂ ਸਹੂਲਤਾਂ ਵੀ ਮਿਲਦੀਆਂ ਹਨ।
* ਉਪਰੋਕਤ ਸਾਰੀਆਂ ਸਹੂਲਤਾਂ ਇਸ ਤੋਂ ਇਲਾਵਾ ਰਹਿਣਾ, ਖਾਣਾ-ਪੀਣਾ, ਕਿਤਾਬਾਂ, ਕਾਪੀਆਂ, ਵਰਦੀਆਂ ਆਦਿ ਦੀਆਂ ਸਹੂਲਤਾਂ ਵੀ ਮੁਫਤ ਦਿੱਤੀਆਂ ਜਾਂਦੀਆਂ ਹਨ।
* ਜਮਾਤ ਛੇਵੀਂ ਦੇ 2024-25 ਲਈ ਆਨਲਾਈਨ ਫਾਰਮ ਭਰੇ ਜਾ ਰਹੇ ਹਨ, ਹੁਣ 9ਵੀਂ ਜਮਾਤ ਲਈ ਜਲਦ ਆਨਲਾਈਨ ਲਿੰਕ ਦੀ ਘੋਸ਼ਣਾ ਕੀਤੀ ਜਾਵੇਗੀ। ਸੋ ਵੱਧ ਤੋਂ ਵੱਧ ਫਾਰਮ ਭਰ ਕੇ ਉਪਰ ਦਿੱਤੀਆਂ ਸਹੂਲਤਾਂ ਦਾ ਫਾਈਦਾ ਲਿਆ ਜਾ ਸਕੇ।

ਵੱਲੋਂ: ਨਵੋਦਿਆ ਵਿਦਿਆਲਿਆ ਲੌਂਗੋਵਾਲ (ਸੰਗਰੂਰ)

ਡੇਅਰੀ ਫਾਰਮਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਸਰਕਾਰ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨਾ ਚਾਹੀਦਾ ਹੈ। ਪੰਜਾਬ ਵਿੱਚ ਬਣ ਰਹੇ ਨਕਲੀ ਦੁੱਧ ਅਤੇ ਨਕਲੀ ਦੁੱਧ ਤੋਂ ਬਣ ਰਹੇ ਪਦਾਰਥ ਸਰਕਾਰ ਨੂੰ ਸਖਤ ਕਾਨੂੰਨ ਬਣਾ ਕੇ ਰੋਕਣੇ ਚਾਹੀਦੇ ਹਨ ਅਤੇ ਜਨਤਾ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਮਿਲਾਵਟਖੋਰਾਂ ਤੇ ਸ਼ਿਕੰਜਾ ਕਸਦੇ ਹੋਏ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

ਲਖਵਿੰਦਰ ਸਿੰਘ ਭਾਲ (ਭਾਲ ਡੇਅਰੀ ਫਾਰਮ, ਲੌਂਗੋਵਾਲ)

ਗੁਰਮੰਦ ਸਿੰਘ ਦੁੱਲਟ

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ 38ਵੇਂ ਬਲਿਦਾਨ ਦਿਵਸ ਮੌਕੇ ਸ਼ਰਧਾਂਜ਼ਲੀ ਭੇਂਟ ਕਰਦੇ ਹਾਂ।

ਦੁੱਲਟ ਟਾਇਲਜ਼ ਇੰਡਸਟਰੀਜ਼
ਇੰਟਰਲਾਕ ਟਾਇਲਜ਼, ਸੈਲਫਾਂ, ਖੰਭੇ, ਕਰਬਸਟੋਨ
ਸਿੱਧ ਸਮਾਧਾਂ ਦੀ ਬੈਕ ਸਾਇਡ, ਪਿੰਡੀ ਕੇਹਰ ਸਿੰਘ ਵਾਲਾ ਰੋਡ, ਲੌਂਗੋਵਾਲ
ਮੋ. 94177-18916, 90412-94505

ਜਥੇ. ਸਵ. ਬਲਵੰਤ ਸਿੰਘ ਨੰਬਰਦਾਰ ਦੁੱਲਟ ਪੱਤੀ

ਰੁਪਿੰਦਰ ਸਿੰਘ (ਨੰਬਰਦਾਰ)

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ 38ਵੇਂ ਬਲਿਦਾਨ ਦਿਵਸ ਮੌਕੇ ਸ਼ਰਧਾਂਜ਼ਲੀ ਭੇਂਟ ਕਰਦੇ ਹਾਂ।

ਵੱਲੋਂ: ਰੁਪਿੰਦਰ ਸਿੰਘ ਨੰਬਰਦਾਰ, ਪੱਤੀ ਦੁੱਲਟ, ਲੌਂਗੋਵਾਲ (75298-75414)

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ 38ਵੇਂ ਬਲਿਦਾਨ ਦਿਵਸ ਮੌਕੇ ਸ਼ਰਧਾਂਜ਼ਲੀ ਭੇਂਟ ਕਰਦੇ ਹਾਂ।

ਵੱਲੋਂ:- ਅਵਨੀਸ਼ ਕੁਮਾਰ ਲੌਂਗੋਵਾਲ
(ਕਾਲਮਨਵੀਸ) ਮੋ. 94631-26465

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ 38ਵੇਂ ਬਲਿਦਾਨ ਦਿਵਸ ਮੌਕੇ ਸ਼ਰਧਾਂਜ਼ਲੀ ਭੇਂਟ ਕਰਦੇ ਹਾਂ।

ਅਪਣਾ
ਸੈਲੂਨ ਐਂਡ ਸਪਾ
(ਸਿਰਫ ਔਰਤਾਂ ਲਈ)
ਹੇਅਰ, ਬਿਊਟੀ ਐਂਡ ਮੇਕਅੱਪ
ਨੇੜੇ ਸਰਕਾਰੀ ਸਕੂਲ (ਲੜਕੇ), ਲੌਂਗੋਵਾਲ
99140-94498

ਸੁਨੀਤਾ ਮਿੱਤਲ

PUNJAB SOLAR CITY
ਆਪਣੇ ਘਰਾਂ, ਖੇਤਾਂ, ਕਾਰਖਾਨਿਆਂ ਅਤੇ ਦਫਤਰਾਂ ਨੂੰ ਸੌਰ ਊਰਜਾ ਨਾਲ ਰੋਸ਼ਨ ਕਰੋ

ਨੋਟ - ਹੁਣ ਸੋਲਰ ਲਗਵਾਉਣ ਤੇ ਸਰਕਾਰ ਵੱਲੋਂ ਸਬਸਿਟੀ ਵੀ ਦਿੱਤੀ ਜਾਂਦੀ ਹੈ।

ਪਤਾ - ਅਨਾਜ ਮੰਡੀ, ਨੇੜੇ ICICI ਬੈਂਕ, ਲੌਂਗੋਵਾਲ (ਸੰਗਰੂਰ)
ਮੋਬ. - 98150-02068 , 95171-14000

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੂੰ 38ਵੇਂ ਬਲਿਦਾਨ ਦਿਵਸ ਮੌਕੇ ਸ਼ਰਧਾਂਜ਼ਲੀ ਭੇਂਟ ਕਰਦੇ ਹਾਂ।

ਪਰੀਤ ਆਟੋਮੋਬਾਈਲਜ਼

ਸੇਲ ਰਿਪੇਅਰ ਐਂਡ ਸਰਵਿਸ
Hero

ਹਰਪ੍ਰੀਤ ਸਿੰਘ
ਆਥੋਰਾਈਜ਼ਡ ਪ੍ਰਤੀਨਿਧ

ਢੱਡਰੀਆਂ ਰੋਡ, ਲੌਂਗੋਵਾਲ (ਪੰਜਾਬ)
ਮੋ. 94172-43612, 98768-78177, 95011-90600, 01672-283612

ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ (1896 - 18 ਸਤੰਬਰ 1944)

ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ

ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ ਬਰਤਾਨਵੀ ਰਾਜ ਅਤੇ ਰਜਵਾੜਾਸ਼ਾਹੀ ਨੂੰ ਸਖਤ ਟੱਕਰ ਦੇਣ ਵਾਲੀ ਪੰਜਾਬ ਰਿਆਸਤੀ ਪਰਜਾ ਮੰਡਲ ਲਹਿਰ ਦੇ ਜਨਰਲ ਸਕੱਤਰ ਸਨ। ਉਨ੍ਹਾਂ 30 ਵਰ੍ਹੇ ਜ਼ੁਲਮ ਖਿਲਾਫ ਲੜਦਿਆਂ ਜ਼ੇਲ੍ਹਾਂ ਦੀਆਂ ਕਾਲ-ਕੋਠੜੀਆਂ, ਜਲਾਵਤਨੀਆਂ ਅਤੇ ਰੂਪੋਸ਼ੀਆਂ ਵਿੱਚ ਬਿਤਾਏ। ਜੁਰਮਾਨਿਆਂ ਦੇ ਇਵਜ਼ ਵਜੋਂ ਸਾਰੀ ਜ਼ਮੀਨ-ਜਾਇਦਾਦ ਕੁਰਕ ਕਰਵਾਈ। ਉਨ੍ਹਾਂ ਦੀ ਪਤਨੀ ਧਰਮ ਕੌਰ ਨੇ ਪਰਜਾ ਮੰਡਲ ਦੇ ਸਰਗਰਮ ਵਰਕਰ ਦੇ ਰੂਪ ਵਿੱਚ ਹਮੇਸ਼ਾ ਇਹ ਸਭ ਕੁਝ ਆਪਣੇ ਪਿੰਡੇ 'ਤੇ ਹੰਢਾਇਆ। ਆਪ ਦਾ ਸਮੁੱਚਾ ਜੀਵਨ ਹੀ ਸੰਘਰਸ਼ਾਂ ਦੀ ਗਾਥਾ ਹੈ। ਆਪ ਜੀ ਬਹੁਤ ਪ੍ਰਤੀਬਧ, ਨਿਡਰ ਅਤੇ ਜੋਸ਼ੀਲੇ ਆਗੂ ਸਨ। ਉਨ੍ਹਾਂ ਦੀ ਯਾਦ ਵਿਚ ਪੰਜਾਬ ਸਰਕਾਰ ਵੱਲੋਂ ਲੌਂਗੋਵਾਲ ਵਿਖੇ 'ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ)' ਬਣਿਆ ਹੋਇਆ ਹੈ ਅਤੇ ਮਾਤਾ ਧਰਮ ਕੌਰ ਦੇ ਨਾਂਅ ਤੇ ਸਿਵਲ ਹਸਪਤਾਲ ਬਣਿਆ ਹੋਇਆ ਹੈ।

ਮਾਤਾ ਧਰਮ ਕੌਰ

ਬੀਬੀ ਸ਼ਮਿੰਦਰ ਕੌਰ ਗਿੱਲ ਲੌਂਗੋਵਾਲ
ਸਰਪ੍ਰਸਤ, ਫਰੀਡਮ ਫਾਈਟਰ ਉਤਰਾਧਿਕਾਰੀ ਜਥੇਬੰਦੀ ਪੰਜਾਬ (ਰਜਿ. 196) ਮੋ. 94652-40936

ਸੰਤ ਲੌਂਗੋਵਾਲ ਇੰਜੀਨੀਅਰਿੰਗ ਅਤੇ ਤਕਨੀਕੀ ਸੰਸਥਾ, ਲੌਂਗੋਵਾਲ

(ਸਿੱਖਿਆ ਮੰਤਰਾਲੇ ਦੇ ਅਧੀਨ, ਭਾਰਤ ਸਰਕਾਰ ਦੇ ਅਧੀਨ ਡੀਮਡ ਯੂਨੀਵਰਸਿਟੀ)
ਲੌਂਗੋਵਾਲ-148106, ਸੰਗਰੂਰ (ਪੰਜਾਬ) 01672-280057, 280072, 253100
www.sliet.ac.in

ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ

ਪ੍ਰੋ. ਮਣੀ ਕਾਂਤ ਪਾਸਵਾਨ, ਡਾਇਰੈਕਟਰ

ਸੁਨੇਹਾ

"ਜੇ ਅਸੀਂ ਪਿੰਡਾਂ ਦੀਆਂ ਲੋੜਾਂ ਦੇ ਅਨੁਕੂਲ ਸਿੱਖਿਆ ਪ੍ਰਦਾਨ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਵਿਦਿਆਪੀਠ (ਯੂਨੀਵਰਸਿਟੀ) ਪਿੰਡਾਂ ਵਿੱਚ ਲੈ ਜਾਣਾ ਚਾਹੀਦਾ ਹੈ" - ਮਹਾਤਮਾ ਗਾਂਧੀ

ਦੂਰਅੰਦੇਸ਼ੀ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੇ ਪੇਂਡੂ ਖੇਤਰਾਂ ਵਿੱਚ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਮਿਸ਼ਨ ਦੀ ਸੇਵਾ ਕਰਨ ਲਈ ਭਾਰਤ ਸਰਕਾਰ ਦੁਆਰਾ ਪੰਜਾਬ ਦੇ ਮਾਲਵਾ ਖੇਤਰ ਵਿੱਚ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਲੌਂਗੋਵਾਲ ਦੀ ਸਥਾਪਨਾ ਕੀਤੀ ਗਈ ਸੀ। ਉਨ੍ਹਾਂ ਦੇ ਦਿਹਾਂਤ ਦੀ 38ਵੀਂ ਬਰਸੀ @ਤੇ ਸੰਸਥਾ ਉਨ੍ਹਾਂ ਦੇ ਅਣਥੱਕ ਯਤਨਾਂ ਅਤੇ ਦੂਰਅੰਦੇਸ਼ੀ ਦ੍ਰਿਸ਼ਟੀਕੋਣ ਲਈ ਉਨ੍ਹਾਂ ਨੂੰ ਦਿਲੋਂ ਸ਼ਰਧਾਂਜਲੀ ਭੇਟ ਕਰਦੀ ਹੈ।

ਸਵਰਗੀ ਸੰਤ ਲੌਂਗੋਵਾਲ ਜੀ ਦੇ ਸੁਪਨਿਆਂ ਨੂੰ ਪੂਰਾ ਕਰਦੇ ਹੋਏ, ਸੰਸਥਾ ਪ੍ਰਭਾਵਸ਼ਾਲੀ ਢੰਗ ਨਾਲ ਇੰਜੀਨੀਅਰਿੰਗ, ਵਿਗਿਆਨ ਅਤੇ ਪ੍ਰਬੰਧਕੀ ਦੇ ਵਿਸ਼ਿਆਂ ਵਿੱਚ 13 ਏਕੀਕ੍ਰਿਤ ਸਰਟੀਫਿਕੇਟ-ਡਿਪਲੋਮਾ, 7 ਡਿਗਰੀ, 10 ਪੋਸਟ-ਗ੍ਰੈਜੂਏਟ, ਅਤੇ ਕਈ ਪੀ.ਐਚ.ਡੀ ਕੋਰਸ ਕਰਵਾ ਰਹੀ ਹੈ। ਸੰਸਥਾ ਨੇ 2007 ਵਿੱਚ ਡੀਮਡ-ਟੂ-ਬੀ-ਯੂਨੀਵਰਸਿਟੀ ਦਾ ਦਰਜਾ ਹਾਸਲ ਕੀਤਾ ਅਤੇ ਉੱਤਮਤਾ ਦੀ ਪ੍ਰਾਪਤੀ ਦੀ ਯਾਤਰਾ ਵਿੱਚ ਸਾਰੇ 7 ਡਿਗਰੀ ਪ੍ਰੋਗਰਾਮਾਂ ਦੀ ਐਨ.ਬੀ.ਏ. ਮਾਨਤਾ ਪ੍ਰਾਪਤ ਕੀਤੀ। ਸੰਸਥਾ ਨਵੇਂ ਰਿਕਾਰਡ ਕਾਇਮ ਕਰਨ ਅਤੇ ਭਵਿੱਖ ਵਿੱਚ ਨਿਰੰਤਰ ਤਰੱਕੀ ਨੂੰ ਉਤਸ਼ਾਹਿਤ ਕਰਨ ਲਈ ਨਵੀਂ ਸਿੱਖਿਆ ਨੀਤੀ 2020 ਨੂੰ ਵੀ ਲਾਗੂ ਕਰ ਰਹੀ ਹੈ।

ਡਾਇਰੈਕਟਰ ਪ੍ਰੋ. ਮਣੀ ਕਾਂਤ ਪਾਸਵਾਨ ਦ੍ਰਿੜਤਾ ਨਾਲ ਵਿਸ਼ਵਾਸ ਕਰਦੇ ਹਨ ਕਿ ਸੰਸਥਾ ਦੇ ਮਾਡਿਊਲਰ ਡਿਜ਼ਾਈਨ ਅਤੇ ਮਲਟੀ-ਐਂਟਰੀ ਮਲਟੀ-ਐਗਜ਼ਿਟ ਵਿਦਿਅਕ ਪਹੁੰਚ ਦਾ ਉਦੇਸ਼ ਦੇਸ਼ ਦੇ ਨੌਜਵਾਨਾਂ ਨੂੰ ਤਕਨੀਕੀ ਤੌਰ 'ਤੇ ਸਮਰੱਥ ਅਤੇ ਜ਼ਿੰਮੇਵਾਰ ਨਾਗਰਿਕ ਬਣਾਉਣਾ ਹੈ।

ਇਹ ਸੰਸਥਾ ਦੀ ਸੰਤ ਲੌਂਗੋਵਾਲ ਜੀ ਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਹੈ।

Programs Offered

* 3 Yrs. Integrated Certificate & Diploma (ICD) (Entry after 10th through SET)
* 4 Yrs. BE (Entry after 12th through JEE / CSAB)
* Lateral entry in 2nd Year of 4 Yrs. BE program (LEET) (Entry after 3 Yrs. Diploma through SET)
* M. Tech. (Entry through CCMT)
* M.Sc. (Entry through CCMN)
* MBA (Entry through SET)
* Ph. D (Entry through SET)
* (SLIET Entrance Test)

Important Features

* Green & sprawling campus spread over 451 acres Beautiful and picturesque landscape
* Approved by AICTE
* Completed 2 cycles of accreditation by NBA & NAAC
* Well equipped academic, residential & recreational facilities for students, staff and faculty.
* Flexibility of admission to various courses after 10th, Certificate, 10+2, Diploma, Degree and PG Sports Complex, Swimming Pool, Student Activity Centre

ਦਾਖਲੇ ਖੁੱਲ੍ਹੇ ਹਨ
www.sliet.ac.in

20-Aug-Sunday.qxd 8/19/2023 10:31 PM Page 1

ਮਲਵਿੰਦਰ ਦੀਆਂ ਕਵਿਤਾਵਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 20 ਅਗਸਤ 2023

www.nawanzamana.in

ਕੀਮਤ 5.00 ਰੁਪਏ

ਕਿਸੇ ਬੀਜਿਆ ਏ ਤੁਸਾਂ ਵੱਢਣਾ ਏ
ਕਿਸੇ ਕੀਤੀਆਂ ਨੇ ਤੁਸਾਂ ਵਰਤਣਾ ਏ
ਆਪ ਵੇਲੇ ਸਿਰ ਪੁੱਛਣਾ-ਗਿੱਛਣਾ ਸੀ
ਹੁਣ ਕਿਸੇ ਥੀਂ ਕੀ ਹਿਸਾਬ ਮੰਗੋਂ।

-ਫੈਜ਼ ਅਹਿਮਦ ਫੈਜ਼

ਫਲਸਫ਼ੇ ਦੀ ਪ੍ਰਸੰਗਿਕਤਾ

ਜਗਰੂਪ

ਮਾਰਕਸਵਾਦ ਸਦਾ ਰਾਹ-ਦਸੇਰਾ

ਇਹ ਮਾਰਕਸ ਦੀ ਦਾਰਸ਼ਨਿਕ ਸੂਝ ਦਾ ਸਮਾਜਿਕ ਅਮਲ ਹੈ, ਜਿਸ ਅਨੁਸਾਰ 'ਅਜਿਹੀ ਕੋਈ ਸਮੱਸਿਆ ਨਹੀਂ ਹੁੰਦੀ, ਜਿਸ ਦਾ ਹੱਲ ਮੌਜੂਦ ਨਾ ਹੋਵੇ'। ਫਿਰ ਸਾਡੀਆਂ ਸਮੱਸਿਆਵਾਂ ਗੁਣਾਂ ਕਿਉਂ ਹੋ ਰਹੀਆਂ ਹਨ?

ਅਸਲ ਵਿੱਚ ਇਕ (ਮੁੱਖ) ਸੂਤਰ ਛੱਡ ਦੇਣ ਨਾਲ ਹੀ ਸਮੱਸਿਆਵਾਂ ਗੁਣਾਂ ਹੋਣ ਲੱਗਦੀਆਂ ਹਨ।

ਕੀ ਹੈ ਉਹ ਸੂਤਰ?

ਮਾਰਕਸ ਦੁਆਰਾ ਖੋਜੇ ਤੇ ਪੇਸ਼ ਕੀਤੇ ਦੇ ਬਾਵਜੂਦ

'ਅਸੀਂ' ਅਗਿਆਨੀ, ਅਨਾੜੀ, ਜ਼ਿੱਦੀ, ਕੁਤਰਕੀ, ਪਾਪੀ ਬਣ ਗਏ ਹਾਂ। ਸਾਡਾ ਪਖੰਡ ਸਭ ਦੇ ਸਾਹਮਣੇ ਹੈ। "ਅਸੀਂ" ਮਾਰਕਸਵਾਦੀ ਵੀ ਹਾਂ ਪਰ ਉਸ ਦੇ ਦੱਸੇ ਨੂੰ ਮੰਨਣ ਤੋਂ ਇਨਕਾਰੀ ਵੀ ਹਾਂ।

ਮਾਰਕਸ ਨੇ ਲਿਖਿਆ :

"ਕਿਸੇ ਵਿਸ਼ੇ ਨੂੰ ਪੇਸ਼ ਕਰਨ ਦਾ ਢੰਗ, ਖੋਜ ਕਰਨ ਦੇ ਢੰਗ ਨਾਲੋਂ ਵੱਖਰਾ ਹੁੰਦਾ ਹੈ। ਖੋਜ ਸਮੇਂ ਵਿਸਥਾਰ ਵਿੱਚ ਜਾ ਕੇ ਸਾਰੀ ਸਮੱਗਰੀ ਉਤੇ ਅਧਿਕਾਰ ਕਰਨਾ ਪੈਂਦਾ ਹੈ। ਉਹਦੇ ਵਿਕਾਸ ਦੇ ਵੱਖ-ਵੱਖ ਰੂਪਾਂ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ ਅਤੇ ਉਹਨਾ ਦੇ ਅੰਦਰਲੇ ਸੰਬੰਧਾਂ ਦਾ ਪਤਾ ਲਾਉਣਾ ਪੈਂਦਾ ਹੈ। ਜਦੋਂ ਇਹ ਕੰਮ ਪੂਰਾ ਹੋ ਜਾਂਦਾ ਹੈ ਤਾਂ ਹੀ ਅਸਲੀ ਗਤੀ ਦਾ ਪੂਰਾ-ਪੂਰਾ ਵਰਨਣ ਕਰਨਾ ਸੰਭਵ ਹੁੰਦਾ ਹੈ। ਜੇ ਇਹ ਕੰਮ ਸਫਲਤਾ-ਪੂਰਵਕ ਪੂਰਾ ਹੋ ਜਾਂਦਾ ਹੈ, ਜੇ ਵਿਸ਼ੇ ਵਸਤੂ ਦਾ ਜੀਵਨ ਸ਼ੀਸ਼ੇ ਵਾਂਗ ਵਿਚਾਰਾਂ ਵਿਚ ਝਲਕਣ ਲੱਗਦਾ ਹੈ, ਤਦ ਸੰਭਵ ਹੈ ਕਿ ਸਾਨੂੰ ਇੰਜ ਜਾਪੇ, ਜਿਵੇਂ ਕਿਸੇ ਨੇ ਆਪਣੇ ਦਿਮਾਗ ਵਿੱਚੋਂ ਸੋਚ ਕੇ ਕੋਈ ਤਸਵੀਰ ਘੜੀ ਹੋਵੇ।"

ਉਸ ਦੇ ਇਸ ਕਥਨ ਨੂੰ ਅਮਲ ਵਿੱਚ ਨਾ ਸਮਝਣਾ,

ਉਸ ਦੀ ਖੋਜ ਨੂੰ ਵਿਸਾਰ ਦੇਣਾ ਅਤੇ ਪੇਸ਼ਕਾਰੀ ਨੂੰ ਉਲਟ ਦੇਣਾ ਹੈ। ਤਾਂ ਹੀ ਇਹ ਹੁਣ ਸ਼ੀਸ਼ੇ ਵਾਂਗ ਸਾਡੇ ਵਿਚਾਰਾਂ ਵਿਚ ਨਹੀਂ ਝਲਕਦਾ ਹੈ। "ਸਾਡੇ" ਅੱਗੇ ਧੁੰਦਲਕਾ ਹੈ।

ਉਸ ਨੇ ਕੀ ਖੋਜਿਆ ਸੀ?

ਉਸ ਨੇ ਕਿਸ "ਅੰਦਰਲੇ ਸੰਬੰਧਾਂ ਦਾ ਪਤਾ ਲਗਾ"

ਕੇ ਵਿਸ਼ੇ ਉਤੇ ਪੂਰਾ ਅਧਿਕਾਰ ਜਮਾ ਲਿਆ ਸੀ?

ਉਹ ਕੀ ਸੀ, ਜਿਸ ਦੇ ਵਿਸ਼ਾ-ਵਸਤੂ ਦਾ ਅਮਲ (ਜੀਵਨ) ਸ਼ੀਸ਼ੇ ਵਾਂਗ ਉਸ ਦੇ ਦਿਮਾਗ ਵਿੱਚ ਝਲਕਦਾ ਸੀ?

ਉਹ ਕੀ ਸੀ, ਜਿਸ ਨੂੰ ਉਸ ਨੇ ਪੂਰੀ ਸਾਫਗੋਈ ਨਾਲ ਪੇਸ਼ ਕੀਤਾ ਸੀ?

ਇਸ ਦੀ ਸਮਝਦਾਰੀ ਹਾਸਲ ਕੀਤੇ ਬਗੈਰ ਅਸੀਂ ਭਟਕਾਅ ਦੇ ਕਾਰਨ ਨਹੀਂ ਲੱਭ ਸਕਾਂਗੇ।

ਮਾਰਕਸ ਦੀਆਂ ਲੱਭਤਾਂ ਵਿੱਚ ਇਕ ਹੈ

"ਵਾਧੂ-ਮੁੱਲ ਦਾ ਸਿਧਾਂਤ"।

ਹਰ ਕੋਈ ਕਹੇਗਾ, "ਹਾਂ ਹੈ! ਇਹ ਕਿਹੜੀ ਨਵੀਂ ਗੱਲ ਹੈ, ਹਰ ਕੋਈ ਜਾਣਦਾ ਹੈ, ਪੜ੍ਹੀ ਹੈ "ਮੈਂ"।"

ਪੜ੍ਹਨ ਤੇ ਸਮਝਣ ਵਿੱਚ ਅੰਤਰ ਹੁੰਦਾ ਹੈ।

ਸਮਝ ਅਮਲ ਵਿੱਚ ਵਰਤੀ ਜਾਂਦੀ ਹੈ, ਜੇ ਇਸ ਦੀ ਵਰਤੋਂ ਨਹੀਂ ਹੋ ਰਹੀ ਤਾਂ ਸਪੱਸ਼ਟ ਹੈ, ਪੜ੍ਹੀ ਜ਼ਰੂਰ ਹੋਵੇਗੀ, ਪਰ ਸਮਝ ਦਾ ਹਿੱਸਾ ਨਹੀਂ ਬਣੀ-ਬਣਾਈ ਹੈ।

ਆਓ "ਵਾਧੂ-ਮੁੱਲ ਦਾ ਸਿਧਾਂਤ" (Theory of surplus value) ਦਾ ਵਿਸ਼ਲੇਸ਼ਣ ਕਰੀਏ!

"ਵਾਧੂ-ਮੁੱਲ" ਅਤੇ ਉਸ ਦਾ "ਸਿਧਾਂਤ" ਭਾਵ ਅਮਲ।

"ਵਾਧੂ -ਮੁੱਲ" ਦਾ ਵਿਸ਼ਲੇਸ਼ਣ :

" ਮੁੱਲ" ਕੀ ਹੈ? "ਵਾਧੂ" (ਮੁੱਲ) ਕੀ ਹੈ?

ਜੇ ਸਾਨੂੰ "ਮੁੱਲ ਕੀ ਹੈ", ਦੀ ਸਪੱਸ਼ਟ ਸਮਝ ਨਹੀਂ ਹੈ ਤਾਂ ਅਗਲੀਆਂ ਧਾਰਨਾਵਾਂ "ਵਾਧੂ-ਮੁੱਲ" ਅਤੇ "ਵਾਧੂ-ਮੁੱਲ ਦਾ ਸਿਧਾਂਤ" ਵੀ ਸਪੱਸ਼ਟ ਨਹੀਂ ਹੈ।

ਫਿਰ ਮਾਰਕਸਵਾਦ ਦੀ 'ਇਨਕਲਾਬੀ ਰੂਹ' ਮਰ ਜਾਂਦੀ ਹੈ। ਇਸ ਬਗੈਰ ਜੋ ਬਚਦਾ ਹੈ, ਉਹ "ਕਾਨੂੰਨੀ-ਮਾਰਕਸਵਾਦ" ਹੈ, ਜੋ ਸਰਮਾਏ ਦੇ ਹਰ ਰੂਪ ਨੂੰ ਪਰਵਾਨ ਹੈ। ਜੋ ਸਿਲੇਬਸਾਂ ਵਿੱਚ ਵੀ ਹੈ।

ਮਾਰਕਸ ਨੇ "ਮੁੱਲ", "ਵਾਧੂ-ਮੁੱਲ" ਅਤੇ "ਵਾਧੂ-ਮੁੱਲ ਦਾ ਸਿਧਾਂਤ" ਨੂੰ ਵਿਗਿਆਨਕ ਆਧਾਰ ਉਤੇ "ਖੋਜਿਆ" ਅਤੇ "ਪੇਸ਼" ਕੀਤਾ ਹੈ।

ਉਸ ਦੇ ਖੋਜੇ ਅਤੇ ਪੇਸ਼ ਕੀਤੇ ਵਿੱਚ ਕਿਸੇ ਵਿਗਾੜ ਦੀ ਆਗਿਆ ਨਹੀਂ ਮਿਲ ਸਕਦੀ, ਨਿਖਾਰਿਆ ਜਾਣਾ ਅਟੱਲ ਹੁੰਦਾ ਹੈ।

'ਵਿਗਾੜ', ਆਧਾਰ ਨਾਲ ਛੇੜਛਾੜ ਕਰਦਾ ਹੈ।

ਖੋਜੇ (ਆਧਾਰ) ਨਾਲ ਛੇੜਛਾੜ ਪਰਵਾਨ ਨਹੀਂ ਹੋ ਸਕਦੀ। ਆਧਾਰ ਬਦਲ ਜਾਣ ਨਾਲ ਤਾਂ ਸਾਰਾ ਉਸਾਰ ਬਦਲ ਜਾਂਦਾ ਹੈ। ਇਸ ਨਾਲ ਨਾਮਕਰਨ (ਮਾਰਕਸਵਾਦ) ਵੀ ਬਦਲ ਜਾਂਦਾ ਹੈ। ਫਿਰ ਇਹ ਮਾਰਕਸਵਾਦ ਨਹੀਂ, ਇਹ ਕੁਝ ਹੋਰ ਹੈ।

"ਉਸਾਰ", ਨਾਲ ਵੀ ਗੈਰ-ਵਿਗਿਆਨਕ ਸੇਧ ਦੀ ਮੱਤ (doctrine) ਪਰਚਾਰੀ ਜਾਂਦੀ ਹੈ। ਸਾਵਧਾਨੀ ਅਟੱਲ ਹੈ। ਆਧਾਰ ਦੀ ਸਹੀ ਸਮਝ, ਉਸਾਰ ਦੇ ਵਿਗਾੜ ਨੂੰ ਸਾਂਭਣ ਦੇ ਸਮਰੱਥ ਹੁੰਦੀ ਹੈ। ਆਧਾਰ ਦੀ ਸਹੀ ਸਮਝ ਦੀ ਰਾਖੀ ਪੂਰੀ ਸਾਫਗੋਈ ਨਾਲ ਕਰਨੀ ਹੁੰਦੀ ਹੈ।

ਮਾਰਕਸਵਾਦ (ਮਾਰਕਸ-ਏਂਗਲਜ਼-ਲੈਨਿਨ) ਦੀ ਦਾਰਸ਼ਨਿਕ ਸੂਝ (ਸੂਝ ਦੀ ਸਿਖਰ) ਵਿੱਚ ਦਰਜ ਹੈ ਕਿ ਕੁਦਰਤ ਪਿੱਛੋਂ ਕੇਵਲ "ਕਿਰਤ-ਸ਼ਕਤੀ"

(Labour power) ਮੁੱਲ ਸਿਰਜਕ ਹੈ।

ਇਹ ਵਰਤਾਰਾ ਸਿੱਧੜ ਨਹੀਂ, ਸਗੋਂ ਗੁੰਝਲਦਾਰ (complex) ਹੈ। ਕਿਉਂਕਿ ਇੱਥੇ ਮੁੱਲ ਦੇ ਅਗਲੇ ਵਖਰੇਵੇਂ, "ਵਰਤੋਂ-ਮੁੱਲ" (use value) ਅਤੇ "ਵਟਾਂਦਰਾ-ਮੁੱਲ ਜਾਂ ਮੁੱਲ" (Exchange value or value) ਦੀ ਸਮਝਦਾਰੀ ਹਾਸਲ ਕਰਨੀ ਲਾਜ਼ਮੀ ਬਣ ਜਾਂਦੀ ਹੈ।

ਮਾਰਕਸ ਦੀ ਪ੍ਰਸਿੱਧ ਪੁਸਤਕ "ਦਾਸ ਕੈਪੀਟਲ"

(ਇਹ ਸਰਮਾਇਆ) ਦਾ ਪਹਿਲਾ ਪਾਠ ਇਸ ਜਟਲ ਅੜੌਣੀ ਨੂੰ ਵਿਰੋਧਵਿਕਾਸੀ ਢੰਗ ਨਾਲ ਹੱਲ ਕਰਦਾ ਹੈ। ਇਸ ਨੂੰ ਸਮਝ ਦਾ ਹਿੱਸਾ ਬਣਾਉਣ ਲਈ ਦਰਸ਼ਨ (ਸੂਝ ਦੀ ਸਿਖਰ) ਦੀ ਲੋੜ ਪੈਂਦੀ ਹੈ।

ਇਸ ਬਾਰੇ ਚਾਲੂ ਸਮਝ ਨਾਲ ਸਾਰਿਆ ਨਹੀਂ ਜਾ ਸਕਦਾ। ਲੈਨਿਨ ਜਿਹੇ ਦਾਰਸ਼ਨਿਕ ਵਿਦਵਾਨ ਨੇ

"ਦਾਰਸ਼ਨਿਕ ਨੋਟ ਬੁੱਕ" ਵਿਚ ਦਰਜ ਕੀਤਾ:

"ਹੀਗਲ ਦੇ ਸਮੁੱਚੇ ਤਰਕ (ਵਿਗਿਆਨ) ਨੂੰ ਪੜ੍ਹੇ ਅਤੇ ਸਮਝੇ ਬਗੈਰ ਮਾਰਕਸ ਦੇ ਸਰਮਾਇਆ ਨੂੰ ਖਾਸ ਤੌਰ 'ਤੇ ਪਹਿਲੇ ਪਾਠ ਨੂੰ ਸਮਝਣਾ ਮੁਕੰਮਲ ਤੌਰ 'ਤੇ ਅਸੰਭਵ ਹੈ। ਨਤੀਜੇ ਵਜੋਂ ਅੱਧੀ ਸਦੀ ਪਿੱਛੋਂ ਵੀ ਮਾਰਕਸ ਨੂੰ ਸਮਝਣ ਵਾਲਾ ਕੋਈ ਮਾਰਕਸੀ ਨਹੀਂ ।" (It is impossible completely to understand Marxs Capital especially its first chapter without having thoroughly studied and understood the whole of hagels Logic. Consequently half a century later none of the Marxist understood Marx)

ਮਾਰਕਸ ਨੇ ਖੋਜਿਆ ਤੇ ਪੇਸ਼ ਕੀਤਾ :

ਮੁੱਲ ਦੋ ਤਰ੍ਹਾਂ ਦਾ ਹੈ, (ਦੋਹਰੇ ਖਾਸੇ ਵਾਲਾ ਹੈ)

"ਵਰਤੋਂ-ਮੁੱਲ" ਜਿਸ ਦੀ ਵਰਤੋਂ ਮਨੁੱਖ ਲਈ ਲਾਭਕਾਰੀ ਹੈ। ਹਵਾ, ਪਾਣੀ, ਧੁੱਪ, ਬਨਸਪਤੀ ਆਦਿ। ਇਹ "ਵਸਤਾਂ" (goods) ਵਰਤੋਂ ਮੁੱਲ ਦਾ ਗੁਣ ਰੱਖਦੀਆਂ ਹਨ।

ਇਹਨਾਂ ਦੀ ਵਰਤੋਂ ਮਨੁੱਖੀ ਜੀਵਨ ਨੂੰ ਬਣਾਈ ਰੱਖਣ ਲਈ ਲਾਭਕਾਰੀ ਹੈ। ਸਭ ਕੁਦਰਤੀ ਵਸਤਾਂ, ਵਰਤੋਂ ਮੁੱਲ ਦਾ ਗੁਣ ਰੱਖਦੀਆਂ ਹਨ। ਕੁਦਰਤੀ ਵਿਸ਼ਾਲ ਪਸਾਰੇ ਵਿਚ ਉਹੀ "ਵਸਤਾਂ" (goods)

ਸੱਦੀਆਂ ਜਾਂਦੀਆਂ ਹਨ, ਜਿਨ੍ਹਾਂ ਦੀ ਵਰਤੋਂ ਮਨੁੱਖ ਲਈ ਲਾਭਕਾਰੀ ਹੈ। ਸਮੁੱਚੀ ਕੁਦਰਤ ਵਰਤੋਂ-ਮੁੱਲ ਦਾ ਗੁਣ ਰੱਖਦੀ ਹੈ। ਇਹ ਸਦੀਵੀ ਹੈ।

ਮਨੁੱਖ ਆਪਣੀ ਮਿਹਨਤ ਨਾਲ ਆਪਣੀ ਲੋੜ (ਖਾਣ, ਪੀਣ, ਪਹਿਨਣ, ਰਹਿਣ ਆਦਿ) ਲਈ

ਵਸਤਾਂ ਤਿਆਰ ਕਰਦਾ ਅਤੇ ਵਰਤਦਾ ਹੈ। ਇਹ ਮਨੁੱਖ ਦੀਆਂ ਪੈਦਾ ਕੀਤੀਆਂ "ਵਸਤਾਂ" ਹਨ।

ਇਹ ਵੀ ਮਨੁੱਖੀ ਲੋੜ ਦੀ ਪੂਰਤੀ ਕਰਦੀਆਂ ਹਨ।

ਇਹ ਵੀ "ਵਰਤੋਂ-ਮੁੱਲ" ਰੱਖਦੀਆਂ ਹਨ। ਖੁਦ ਦੀ ਲੋੜ ਲਈ ਪ੍ਰਾਪਤ ਜਾਂ ਤਿਆਰ ਕੀਤੀਆਂ ਵਸਤਾਂ

ਵਰਤੋਂ-ਮੁੱਲ ਰੱਖਦੀਆਂ ਹਨ।

ਇਕ ਪੜਾਅ ਉਤੇ ਮਨੁੱਖ ਤਜਰਬਾ ਹਾਸਲ ਕਰਦਿਆਂ ਆਪਣੀ ਉਪਜਾਊ ਸਮਰੱਥਾ ਵਧਾਉਂਦਿਆਂ, ਆਪਣੀ ਲੋੜ ਤੋਂ ਵਧੇਰੇ ਪੈਦਾ ਕਰਨ ਦੇ ਸਮਰੱਥ ਹੋਇਆ। ਦੂਜਾ (ਦੂਜੇ) ਮਨੁੱਖ ਵੀ ਆਪਣੀ ਲੋੜ ਤੋਂ ਵਧੇਰੇ ਪੈਦਾ ਕਰਨ ਦੇ ਸਮਰੱਥ ਹੋਇਆ। ਉਹ ਆਪਣੀ ਲੋੜ ਤੋਂ ਵਧੇਰੀ ਵਸਤ ਨੂੰ, ਦੂਜੇ ਦੀ ਲੋੜ ਤੋਂ ਵਧੇਰੀ ਵਸਤ ਨਾਲ ਬਦਲੀ (exchange) ਕਰਕੇ, ਬਦਲੀ ਵਸਤ ਦੀ ਵਰਤੋਂ ਕਰਨ ਲੱਗਾ। ਇੰਜ ਵਸਤਾਂ ਦੇ ਵਟਾਂਦਰੇ ਦੇ ਅਰੰਭ ਨੇ ਮਨੁੱਖੀ ਲੋੜ ਪੂਰਤੀ ਦੀ ਵਸਤੂ (goods) ਨੂੰ

ਭਿੰਨਤਾ (ਵੱਖਰੇਵਾਂ) ਪਰਦਾਨ ਕਰ ਦਿੱਤਾ।

(ੳ) ਖੁਦ ਦੀ ਸਰਗਰਮੀ (ਮਿਹਨਤ) ਨਾਲ ਪ੍ਰਾਪਤ ਕੀਤੀ "ਵਸਤੂ", ਵਰਤੋਂ ਮੁੱਲ (use-value) ਰੱਖਦੀ ਹੈ ।ਅਤੇ

(ਅ) ਤਬਾਦਲੇ (ਵਟਾਂਦਰੇ) ਵਿਚ ਹਾਸਲ ਕੀਤੀ "ਵਸਤੂ", "ਜਿਣਸ" (Commodity) ਹੈ, ਜੋ

"ਵਟਾਂਦਰਾ-ਮੁੱਲ" (Exchange-value) ਦਾ ਗੁਣ ਰੱਖਦੀ ਹੈ।

"ਵਸਤੂ" (goods) ਦਾ ਖਾਸ, ਇਕਹਿਰਾ ਗੁਣ ਹੈ, ਇਹ ਵਰਤੋਂ-ਮੁੱਲ (use-value) ਰੱਖਦੀ ਹੈ।



* "ਜਿਣਸ" (commodity) "ਵਟਾਂਦਰਾ-ਮੁੱਲ"

(Exchange-value) ਰੱਖਦੀ ਹੈ, (ਵਟਾਂਦਰੇ ਵਿਚ ਹਾਸਲ ਕੀਤੀ ਹੈ) ਪਰ "ਵਟਾਂਦਰਾ" ਤਾਂ ਹੀ ਸੰਭਵ ਹੋਵੇਗਾ ਜੇ ਇਸ (ਵਟਾਂਦਰੇ ਦੀ ਵਸਤੂ) ਦਾ ਵਰਤੋਂ ਮੁੱਲ ਹੋਵੇਗਾ। ਇਸ ਤਰ੍ਹਾਂ "ਜਿਣਸ"

(commodity) ਦੋਹਰਾ (ਦੋਵੇਂ) ਗੁਣ :

ਵਟਾਂਦਰੇ 'ਚ ਹਾਸਲ ਹੋਣ ਕਰਕੇ ਇਸ ਦਾ "ਵਟਾਂਦਰਾ-ਮੁੱਲ" (Exchange-value) ਹੈ, ਪਰ

ਵਟਾਂਦਰਾ ਤਾਂ ਸੰਭਵ ਹੈ ਜੇ ਇਸ ਦੀ ਵਰਤੋਂ ਯੋਗਤਾ ਹੋਵੇਗੀ ਭਾਵ "ਵਰਤੋਂ-ਮੁੱਲ" ਹੋਵੇਗਾ।

'ਵਟਾਂਦਰਾ-ਮੁੱਲ' ਹੋਣ ਲਈ 'ਵਰਤੋਂ-ਮੁੱਲ' ਦਾ ਹੋਣਾ ਜ਼ਰੂਰੀ ਹੈ।

ਇਸ ਲਈ "ਜਿਣਸ" ਵਟਾਂਦਰਾ-ਮੁੱਲ ਅਤੇ ਵਰਤੋਂ-ਮੁੱਲ, ਦੋਹਰਾ ਗੁਣ ਰੱਖਦੀ ਹੈ।

ਮਨੁੱਖ ਕੁਦਰਤੀ "ਵਸਤਾਂ" ਦੀ ਵਰਤੋਂ ਕਰਦਾ ਹੈ, ਉਹ ਵਸਤਾਂ ਦਾ "ਵਰਤੋਂ-ਮੁੱਲ" (Use-value) ਹੈ।

ਮਨੁੱਖ ਆਪਣੀ ਲੋੜ ਦੀ ਪੂਰਤੀ ਲਈ ਮਿਹਨਤ ਕਰਕੇ ਵਸਤੂ ਪ੍ਰਾਪਤ (ਤਿਆਰ) ਕਰਦਾ ਹੈ ਅਤੇ ਵਰਤੋਂ (ਖਪਤ) ਕਰਦਾ ਹੈ, ਇਹ ਵਸਤੂ ਵੀ ਵਰਤੋਂ-ਮੁੱਲ (use-value) ਰੱਖਦੀ ਹੈ।

ਤਬਾਦਲੇ ਵਿਚ ਹਾਸਲ ਕੀਤੀਆਂ, "ਵਸਤਾਂ"

(goods) ਨਹੀਂ, ਸਗੋਂ "ਜਿਣਸਾਂ"

(Commodities) ਹਨ।

ਭਾਗ-2

ਮਾਰਕਸ ਨੇ ਦਾਰਸ਼ਨਿਕ ਵਿਰੋਧ ਵਿਕਾਸ ਦੀ ਵਰਤੋਂ ਕਰਦਿਆਂ ਸਮਾਜਕ ਅੜੌਣੀ ਨੂੰ ਹੱਲ ਕਰ ਦਿੱਤਾ। ਬੰਦ ਰਾਹ ਖੁੱਲ੍ਹ ਗਿਆ। ਉਸ ਨੇ 'ਕਿਰਤ' (Labour) ਅਤੇ 'ਕਿਰਤ-ਸ਼ਕਤੀ'

(Labour Power) ਦਾ ਵਖਰੇਵਾਂ ਉਜਾਗਰ ਕਰ ਦਿੱਤਾ।

ਉਸ ਨੇ ਖੋਜੇ ਨੂੰ ਪੇਸ਼ ਕਰਦਿਆਂ ਐਲਾਨ ਕੀਤਾ ਕਿ 'ਕਿਰਤ-ਸ਼ਕਤੀ (Labour Power),

"ਜਿਣਸ"(Commodity) ਹੈ।

ਇਸ ਲੱਭਤ ਨੇ "ਵਾਧੂ-ਮੁੱਲ" (Surplus-Value) ਦਾ ਭੇਦ ਖੋਹਲ ਦਿੱਤਾ।

'ਕਿਰਤ-ਸ਼ਕਤੀ ਮੁੱਲ ਸਿਰਜਦੀ ਹੈ ਅਤੇ ਇਹ ਮੁੱਲ ਉਸ ਦੇ ਆਪਣੇ ਮੁੱਲ ਤੋਂ ਵਧੇਰੇ ਹੁੰਦਾ ਹੈ।'

Labour Power Creats Value and a Value Greater Than Its Own.

ਮਾਰਕਸ ਨੇ ਕਿਰਤ ਦੇ ਦੋਹਰੇ ਗੁਣ :

(ੳ) ਠੋਸ ਕਿਰਤ (Concrete Labour)

ਅਤੇ

(ਅ) ਅਮੂਰਤ ਕਿਰਤ (Abstract Labour) ਦੀ ਭਿੰਨਤਾ ਉਜਾਗਰ ਕੀਤੀ।

ਇਸ ਵੱਖਰੇਵੇਂ ਬਗੈਰ "ਵਾਧੂ-ਮੁੱਲ" ਦਾ ਸਮਾਜਿਕ ਅਮਲ, ਉਸ ਦਾ 'ਸਿਧਾਂਤ' (ਵਿਗਿਆਨ) ਬਣਨਾ ਅਸੰਭਵ ਸੀ।

ਮਾਰਕਸ ਨੇ ਦਰਸਾਇਆ ਕਿ "ਕਿਰਤ ਮੁੱਲ ਸਿਰਜਕ ਹੈ।" ਕਿਰਤੀ-ਕਾਮਾ, ਕਿਰਤ ਦੇ ਦੋਹਰੇ ਖਾਸੇ; 'ਠੋਸ-ਕਿਰਤ' (Concrete Labour)

ਅਤੇ 'ਅਮੂਰਤ ਕਿਰਤ' (Abstract Labour) ਦਾ ਸਾਂਝਾ ਮੁਜੱਸਮਾ (ਰੁਤਬਾ) ਹੈ। 'ਠੋਸ-ਕਿਰਤ' ਵਰਤੋਂ-ਮੁੱਲ ਸਿਰਜਦੀ ਹੈ ਅਤੇ 'ਅਮੂਰਤ-ਕਿਰਤ' ਮੁੱਲ ਸਿਰਜਦੀ ਹੈ।

ਇਹ ਅਤੀ ਮਹੱਤਵਪੂਰਨ ਲੱਭਤ ਹੈ। ਇਸ ਦੀ ਸਮਝਦਾਰੀ ਹਾਸਲ ਕੀਤੇ ਬਗੈਰ ਸਰਮਾਏਦਾਰੀ ਤੋਂ ਸਮਾਜਵਾਦ ਵੱਲ ਜਾਣ ਦਾ ਵਿਗਿਆਨਕ ਮਾਰਗ ਵੀ ਕਲਪਨਿਕ (ਯੂਟੋਪੀਆ) ਸੀ ਅਤੇ ਰਹੇਗਾ।

(Use Value To Belongs Concrete Labour & Exchange- Value Belongs To Abstract-Labour.)

ਮਾਰਕਸ ਦੀ ਸਮਾਜਕ ਸੰਬੰਧਾਂ ਦੀ ਸਮਝਦਾਰੀ ਦਾ ਆਧਾਰ, ਉਸ ਦੁਆਰਾ ਦਰਸ਼ਨ ਦੀ ਸਮਝਦਾਰੀ ਵਿੱਚ ਕੀਤਾ ਇਨਕਲਾਬ ਸੀ।

ਹੀਗਲ ਦੇ ਵਿਚਾਰਵਾਦੀ-ਵਿਰੋਧਵਿਕਾਸ ਦੀ ਥਾਂ, ਉਸ ਦੀ ਨਵੀਂ ਸਮਝ, 'ਸੂਝ ਦੀ ਸਿਖਰ' 'ਪਦਾਰਥਵਾਦ-(ਵਿਰੋਧ ਵਿਕਾਸੀ) ਹੈ,' ਭਾਵ ਉਹ, ਹੀਗਲ ਦੇ ਵਿਚਾਰਵਾਦ ਤੋਂ ਅੱਗੇ, ਪਦਾਰਥਵਾਦ (ਵਿਰੋਧਵਿਕਾਸੀ) ਉਪਰ ਪੁੱਜ ਗਿਆ ਸੀ। ਮਾਰਕਸ ਦੁਆਰਾ ਦਰਸ਼ਨ ਵਿਚ ਕੀਤੇ ਇਨਕਲਾਬ ਬਗੈਰ ਇਹ ਸਮਾਜਕ-ਸੰਬੰਧ ਦੀਆਂ ਲੱਭਤਾਂ ਸੰਭਵ ਹੀ ਨਹੀਂ ਸਨ ਅਤੇ ਅੱਜ ਵੀ ਮਾਰਕਸੀ ਦਰਸ਼ਨ ਦੀ ਮੁਕੰਮਲ ਸਮਝਦਾਰੀ ਬਗੈਰ ਇਹਨਾਂ ਨੂੰ ਸਮਝਣਾ ਤੇ ਅਮਲ ਕਰਨਾ ਸੰਭਵ ਨਹੀਂ ਹੈ। ਇਸ ਤਰ੍ਹਾਂ ਦਾਰਸ਼ਨਿਕ ਸੂਝ ਦਾ ਵਿਕਾਸ ਅਤੇ ਸਪੱਸ਼ਟਤਾ ਅਟੱਲ ਬਣ ਜਾਂਦੀ ਹੈ। ਦਰਸ਼ਨ ਦਾ ਵਿਕਾਸ ਲਾਜ਼ਮੀ ਹੈ। ਮਾਰਕਸ ਦਾ ਕਥਨ ਹੈ:

'ਦਰਸ਼ਨ ਕਿਰਤੀ ਵਰਗ ਨੂੰ ਮੁਕਤੀ ਦੇ ਰੂਹਾਨੀ ਹਥਿਆਰ ਦਿੰਦਾ ਹੈ, ਕਿਰਤੀ ਵਰਗ ਦਰਸ਼ਨ ਨੂੰ ਪਦਾਰਥਕ ਹਥਿਆਰ ਮੁਹੱਈਆ ਕਰਦਾ ਹੈ।'

ਇਹ ਵਿਰੋਧ ਵਿਕਾਸੀ ਰਿਸ਼ਤਾ ਹੈ।

ਇਸ ਨੇਮ (ਵਿਰੋਧਵਿਕਾਸ) ਦੀ ਅਣਦੇਖੀ, ਦਰਸ਼ਨ ਨੂੰ ਖੜੋਤ ਰਾਹੀਂ, ਅਧਿਆਤਮਵਾਦ

(ਚੱਕਰੀ ਗੇੜ) ਵੱਲ ਲੈ ਜਾਂਦੀ ਹੈ। ਇਸ ਤਰ੍ਹਾਂ ਮੁਕਤੀ ਦੇ ਰੂਹਾਨੀ ਹਥਿਆਰ ਮੁੜ ਗੁਆਚ ਜਾਂਦੇ ਹਨ।

'ਕਿਰਤ' ਅਤੇ 'ਮੁੱਲ' ਦੋਵਾਂ ਦੇ ਦੋਹਰੇ ਖਾਸੇ ਦੇ ਦਵੰਦ ਨੂੰ, ਉਦਾਹਰਣ ਨਾਲ ਸਮਝਣ ਦੀ ਜ਼ਰੂਰਤ ਹੈ। ਇਕ ਕਿਰਤੀ, ਕਾਮਾ ਜਦੋਂ ਕਿਰਤ ਕਰਦਾ ਹੈ ਤਾਂ ਉਹ ਠੋਸ (ਸਰੀਰ, ਮੂਰਤ) ਰੂਪ ਵਿਚ ਕੰਮ ਕਰਦਾ ਹੈ। ਇਹ "ਠੋਸ ਕਿਰਤ" ਹੈ। ਉਸ ਦੇ ਕੰਮ ਦਾ ਨਤੀਜਾ ਉਸ ਦੀ ਉਪਜ (ਸ਼ਿਕਾਰ, ਅਨਾਜ, ਜੁੱਤੀ, ਕੱਪੜਾ ਆਦਿ) ਵੀ ਠੋਸ ਰੂਪ ਵਿਚ ਮੌਜੂਦ ਹੈ, ਜਿਸ ਦੀ ਅੱਗੇਂ ਵਰਤੋਂ ਹੁੰਦੀ ਹੈ। ਉਹ "ਵਰਤੋਂ-ਮੁੱਲ" ਰੱਖਦੀ ਹੈ।

ਇਸ ਲਈ ਠੋਸ-ਕਿਰਤ, 'ਵਰਤੋਂ-ਮੁੱਲ' ਸਿਰਜਦੀ ਹੈ। ਕਿਰਤੀ, ਠੋਸ-ਕਿਰਤ ਅਤੇ ਅਮੂਰਤ-ਕਿਰਤ ਦਾ ਮੁਜੱਸ

20-Aug-Sunday.qxd 8/19/2023 10:32 PM Page 5

ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਦਾਗਾਂ ਵਾਲੇ ਅਮਰੀਕਾ ਦੀ ਅਗਲੀ ਚੋਣ ਉੱਤੇ ਸੰਸਾਰ ਦੀਆਂ ਨਜ਼ਰਾਂ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਵਿੱਚ ਐਟਮ ਬੰਬ ਚੱਲਣ ਦੀ ਘਟਨਾ ਨੂੰ ਅਠੱਤਰ ਸਾਲ ਹੋ ਚੁੱਕੇ ਹਨ। ਦੋਵਾਂ ਵਿੱਚ ਕੁੱਲ ਮਿਲਾ ਕੇ ਕਿੰਨੇ ਲੋਕ ਮਾਰੇ ਗਏ ਸਨ, ਇਸ ਦੀ ਗਿਣਤੀ ਬਾਰੇ ਲੱਖਾਂ ਦਾ ਮੱਤਭੇਦ ਹੈ। ਕੋਈ ਇਹ ਗਿਣਤੀ ਡੇਢ ਲੱਖ ਦੱਸਦਾ ਹੈ ਤੇ ਇਸ ਤੋਂ ਦੁੱਗਣੇ ਜਾਂ ਤਿੱਗਣੇ ਮਰ ਗਏ ਦੱਸਣ ਵਾਲੇ ਵੀ ਹਨ। ਮੈਂ ਇੱਕ ਪ੍ਰੋਗਰਾਮ ਵਿੱਚ ਇਸ ਦਾ ਜ਼ਿਕਰ ਕਰਦਿਆਂ ਕਹਿ ਦਿੱਤਾ ਕਿ ਉਹ ਬੰਬ ਅਮਰੀਕਾ ਨੇ ਜੰਗ ਦੀ ਲੋੜ ਵਾਸਤੇ ਨਹੀਂ ਸੀ ਚਲਾਏ, ਜੰਗ ਮੁੱਕਦੀ ਵੇਖ ਕੇ ਇਹ ਸੋਚ ਕੇ ਚਲਾਏ ਸਨ ਕਿ ਜੰਗ ਦੇ ਖਤਮ ਹੋਣ ਪਿੱਛੋਂ ਇਨ੍ਹਾਂ ਬੰਬਾਂ ਨੂੰ ਪਰਖਣ ਦਾ ਏਹੋ ਜਿਹਾ ਮੌਕਾ ਫਿਰ ਮਿਲ ਨਹੀਂ ਸਕਣਾ। ਮੈਨੂੰ ਇਸ ਦੇ ਪ੍ਰਤੀਕਰਮ ਵਿੱਚ ਇਹ ਕਿਹਾ ਗਿਆ ਕਿ ਤੈਨੂੰ ਜਾਪਾਨ ਦਾ ਦਰਦ ਹੈ, ਪਰ ਤੈਨੂੰ ਇਹ ਨਹੀਂ ਪਤਾ ਕਿ ਜਾਪਾਨ ਨੇ ਪਰਲ ਹਾਰਬਰ ਵਿੱਚ ਕੀ ਕੀਤਾ ਸੀ ਤੇ ਕਿੰਨੇ ਲੋਕ ਮਾਰੇ ਸਨ, ਅਮਰੀਕਾ ਨੇ ਉਸ ਪਰਲ ਹਾਰਬਰ ਦਾ ਜਵਾਬ ਦਿੱਤਾ ਸੀ ਤਾਂ ਗਲਤ ਨਹੀਂ ਕੀਤਾ, ਹਰ ਦੇਸ਼ ਨੂੰ ਆਪਣੇ ਹਿੱਤ ਵਿੱਚ ਇਹੋ ਜਿਹੇ ਫੈਸਲੇ ਲੈਣ ਦਾ ਹੱਕ ਹੁੰਦਾ ਹੈ। ਮੇਰੀ ਸਮਝ ਹੈ ਕਿ ਉਸ ਦੀ ਦਲੀਲ ਸਿਰੇ ਦੀ ਨਿਕੰਮੀ ਸੀ, ਜਿਹੜੀ ਹਕੀਕਤਾਂ ਨੂੰ ਝੁਠਲਾਉਣ ਵਾਲੇ ਇੱਕ ਬਹਾਨੇ ਤੋਂ ਵੱਧ ਮੰਨੀ ਜਾਣ ਵਾਲੀ ਨਹੀਂ ਅਤੇ ਇਹ ਦਲੀਲ ਸ਼ਾਇਦ ਕਿਸੇ ਨੇ ਕਦੀ ਮੰਨੀ ਵੀ ਨਹੀਂ।

ਪਹਿਲੀ ਗੱਲ ਕਿ ਪਰਲ ਹਾਰਬਰ ਦੁਖਾਂਤ ਦੂਸਰੀ ਸੰਸਾਰ ਜੰਗ ਸ਼ੁਰੂ ਹੋਣ ਵੇਲੇ ਸਾਲ 1941 ਵਿੱਚ ਵਾਪਰਿਆ ਸੀ, ਜਦੋਂ ਜਾਪਾਨੀਆਂ ਨੇ ਹਮਲਾ ਕੀਤਾ ਤੇ ਅਮਰੀਕੀ ਅੱਡੇ ਉੱਤੇ ਫੌਜੀ ਅਤੇ ਆਮ ਨਾਗਰਿਕ ਮਿਲਾ ਕੇ ਕਰੀਬ ਢਾਈ ਹਜ਼ਾਰ ਲੋਕ ਮਾਰੇ ਗਏ ਸਨ, ਉਸ ਤੋਂ ਸਾਢੇ ਤਿੰਨ ਸਾਲ ਪਿੱਛੋਂ ਕੀਤਾ ਹਮਲਾ ਉਸ ਦਾ ਪ੍ਰਤੀਕਰਮ ਨਹੀਂ ਕਿਹਾ ਜਾ ਸਕਦਾ। ਫਿਰ ਇਹ ਗੱਲ ਵੀ ਅੱਖੋਂ ਪਰੋਖੀ ਕਰਨੀ ਔਖੀ ਹੈ ਕਿ ਅਮਰੀਕਾ ਨੂੰ ਪਤਾ ਸੀ ਕਿ ਦੋਵਾਂ ਸ਼ਹਿਰਾਂ ਉੱਤੇ ਇਹ ਬੰਬ ਜਿੱਥੇ ਸੁੱਟਣਾ ਹੈ, ਓਥੇ ਲੱਖਾਂ ਦੀ ਆਬਾਦੀ ਹੈ ਅਤੇ ਇਸ ਨਾਲ ਢਾਈ ਹਜ਼ਾਰ ਦਾ ਬਦਲਾ ਲੈਣ ਲਈ ਪੰਜ-ਦਸ ਹਜ਼ਾਰ ਮੌਤਾਂ ਤੱਕ ਗੱਲ ਨਹੀਂ ਰੁਕਣੀ, ਬਹੁਤ ਵੱਡਾ ਦੁਖਾਂਤ ਵਾਪਰਨਾ ਹੈ। ਤੀਸਰੀ ਇਹ ਕਿ ਅਮਰੀਕਾ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਵਿੱਚ ਉਹ ਦੋ ਬੰਬ ਸੁੱਟਣੇ ਸਨ, ਜਿਹੜੇ ਉਸ ਵਕਤ ਤੱਕ ਕਦੇ ਨਹੀਂ ਸਨ ਵਰਤੇ ਗਏ ਤੇ ਉਸ ਤੋਂ ਬਾਅਦ ਵੀ ਕਿਸੇ ਦੇਸ਼ ਦੀ ਏਦਾਂ ਦੇ ਬੰਬ ਵਰਤਣ ਦੀ ਕਦੇ ਜੁਰਅਤ ਨਹੀਂ ਪਈ। ਚੌਥੀ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਦੋਂ ਹੀਰੋਸ਼ੀਮਾ ਵਿੱਚ ਸੁੱਟੇ ਬੰਬ ਨਾਲ ਲੱਖਾਂ ਲੋਕ ਮਾਰੇ ਜਾਣ ਦੀ ਖਬਰ ਆ ਚੁੱਕੀ ਸੀ, ਅਮਰੀਕਾ ਨੇ ਦੂਸਰਾ ਹਮਲਾ ਤਿੰਨ ਦਿਨ ਬਾਅਦ ਫਿਰ ਕੀਤਾ ਤੇ ਉਸ ਵਿੱਚ ਫਿਰ ਲੱਖਾਂ ਲੋਕ ਮਾਰ ਦਿੱਤੇ ਸਨ। ਉਹ ਪਹਿਲੇ ਹਮਲੇ ਨਾਲ ਆਪਣੇ ਐਟਮ ਬੰਬ ਦੀ ਪਰਖ ਕਰ ਚੁੱਕਾ ਸੀ ਅਤੇ ਦੁਨੀਆ ਨੂੰ ਆਪਣੀ ਤਾਕਤ ਵਿਖਾ ਚੁੱਕਾ ਸੀ, ਪਰ ਉਸ ਨੇ ਫਿਰ ਇਸ ਦੀ ਦੋਹਰੀ ਪਰਖ ਲਈ ਹੱਥ ਆਇਆ ਮੌਕਾ ਵਰਤਣ ਖਾਤਰ ਲਗਾਤਾਰ ਦੂਸਰਾ ਹਮਲਾ ਕਰਕੇ ਲੱਖਾਂ ਲੋਕ ਹੋਰ ਮਾਰੇ ਸਨ। ਸੰਸਾਰ ਦੀ ਸਮੁੱਚੀ ਮਨੁੱਖਤਾ ਇਸ ਹਰਕਤ ਤੋਂ ਬੁਰੀ ਤਰ੍ਹਾਂ ਕੰਬ ਗਈ ਸੀ ਅਤੇ ਅੱਜ ਤੱਕ ਉਸ ਹਮਲੇ ਦੀ ਕੰਬਣੀ ਸੰਸਾਰ ਦੇ ਲੋਕ ਮਹਿਸੂਸ ਕਰਦੇ ਹਨ।

ਦੂਸਰੀ ਸੰਸਾਰ ਜੰਗ ਦੇ ਬਾਅਦ ਬਹੁਤ ਸਾਰੇ ਫੌਜੀ, ਜਿਹੜੇ ਦੂਸਰੇ ਦੇਸ਼ਾਂ ਵਿਰੁੱਧ ਲੜ ਚੁੱਕੇ ਅਤੇ ਖੁਦ ਇਸ ਜੰਗ ਦਾ ਨੁਕਸਾਨ ਜਰ ਚੁੱਕੇ ਸਨ, ਉਹ ਅਮਨ ਦੀ ਲਹਿਰ ਚਲਾਉਣ ਨਿਕਲ ਤੁਰੇ ਸਨ। ਸੋਵੀਅਤ ਰੂਸ ਦਾ ਇੱਕ ਹਵਾਈ ਫੌਜ ਦਾ ਪਾਇਲਟ ਅਲੈਕਸੀ ਪਿਤਰੇਵਿਚ ਮਾਰੇਸਯੇਵ ਉਸ ਜੰਗ ਦੌਰਾਨ ਆਪਣੀਆਂ ਦੋਵੇਂ ਲੱਤਾ ਗੁਆ ਚੁੱਕਾ ਸੀ, ਸੰਸਾਰ ਜੰਗ ਖਤਮ ਹੋਣ ਪਿੱਛੋਂ ਭਵਿੱਖ ਦੀਆਂ ਜੰਗਾਂ ਰੋਕਣ ਲਈ ਅਮਨ ਲਹਿਰ ਵਿੱਚ ਸੰਸਾਰ ਭਰ ਵਿੱਚ ਘੁੰਮ ਕੇ ਅਤੇ ਆਪਣੀਆਂ ਦੋਵੇਂ ਅੱਧੀਆਂ ਰਹਿ ਗਈਆਂ ਲੱਤਾਂ ਦੇ ਡੁੱਚ ਵਿਖਾ ਕੇ ਦੱਸਣ ਗਿਆ ਸੀ ਕਿ ਜੰਗ ਚੰਗੀ ਨਹੀਂ ਹੁੰਦੀ। ਦੂਸਰੇ ਪਾਸੇ ਅਮਰੀਕਾ ਇਸ ਦੇ ਬਾਅਦ ਵੀ ਜੰਗਾਂ ਵਿੱਚ ਉਲਝਿਆ ਰਿਹਾ ਅਤੇ ਕਈ ਦੇਸ਼ਾਂ ਵਿੱਚ ਉਸ ਨੇ ਨੇਪਾਮ ਬੰਬ ਵਰਤਣ ਦਾ ਅਗਲਾ ਪਾਪ ਵੀ ਕੀਤਾ ਸੀ, ਜਿਸ ਤੋਂ ਬਚਿਆ ਜਾ ਸਕਦਾ ਸੀ। ਨੇਪਾਮ ਬੰਬ ਬੇਸ਼ੱਕ ਐਟਮ ਬੰਬ ਨਹੀਂ, ਪਰ ਇਸ ਦਾ ਕਹਿਰ ਵੀ ਛੋਟਾ ਨਹੀਂ, ਜਿਨ੍ਹਾਂ ਲੋਕਾਂ ਉੱਤੇ ਇਸ ਦਾ ਕਹਿਰ ਪਿਆ, ਉਹ ਹੀ ਜਾਣਦੇ ਹਨ। ਵੀਅਤਨਾਮ ਦੀ ਜੰਗ ਵੇਲੇ ਅਮਰੀਕਾ ਦੇ ਸੁੱਟੇ ਨੇਪਾਮ ਬੰਬ ਨਾਲ ਪਈ ਮਾਰ ਦੇ ਸਤਾਏ ਜਿਹੜੇ ਲੋਕ ਜਾਨਾਂ ਬਚਾਉਣ ਲਈ ਦੌੜਦੇ ਪਏ ਸਨ, ਉਨ੍ਹਾਂ ਵਿੱਚ ਚੀਕਦੀ ਹੋਈ ਬਿਨਾਂ ਕੱਪੜਿਆਂ ਤੋਂ ਅਲਫ ਨੰਗੀ ਦੌੜਦੀ ਜਾਂਦੀ ਨੌਂ ਸਾਲਾ ਬੱਚੀ ਦੀ ਤਸਵੀਰ ਜਦੋਂ ਛਪੀ ਤਾਂ ਅਮਰੀਕਾ ਦੇ ਲੋਕਾਂ ਨੇ ਵੀ ਆਪਣੀ ਉਸ ਵੇਲੇ ਦੀ ਹਕੂਮਤ ਨੂੰ ਲਾਹਨਤਾਂ ਪਾਈਆਂ ਸਨ। ਉਸ ਦੇ ਬਾਅਦ ਏਦਾਂ ਦੀ ਖਤਰਨਾਕ ਬੰਬਾਂ ਦੀ ਵਰਤੋਂ ਬੰਦ ਕਰਨ ਲਈ ਯੂ ਐੱਨ ਓ ਦੀ ਅਗਵਾਈ ਹੇਠ ਗੱਲ ਚੱਲੀ ਅਤੇ ਫਿਰ ਬਾਕੀ ਦੇਸ਼ਾਂ ਨੇ ਇਸ ਉੱਤੇ ਹਾਮੀ ਭਰ ਦਿੱਤੀ, ਪਰ ਅਮਰੀਕਾ ਨੇ ਇਸ ਚਾਰਟਰ ਉੱਤੇ ਦਸਤਖਤ ਕਰਨ ਵਿੱਚ ਵੀ ਪੰਝੀ ਸਾਲ ਦੇ ਲਗਭਗ ਲਾ ਦਿੱਤੇ ਸਨ।

ਕਈ ਲੋਕ ਸਾਨੂੰ ਇਹ ਕਹਿੰਦੇ ਹਨ ਕਿ ਅਮਰੀਕਾ ਵਿੱਚ ਰਿਪਬਲੀਕਨ ਪਾਰਟੀ ਜਿੱਤ ਜਾਵੇ ਜਾਂ ਡੈਮੋਕਰੇਟਸ ਜਿੱਤ ਜਾਣ, ਇਸ ਨਾਲ ਨੀਤੀਆਂ ਵਿੱਚ ਕੋਈ ਖਾਸ ਮੋੜਾ ਨਹੀਂ ਆਉਂਦਾ। ਇਹ ਗੱਲ ਮੰਨਣ ਵਾਲੀ ਨਹੀਂ। ਬਰਾਕ ਓਬਾਮਾ ਦੀ ਜਿੱਤ ਨੇ ਇਹ ਗੱਲ ਸਾਬਤ ਕਰ ਦਿੱਤੀ ਸੀ ਕਿ ਮੋੜਾ ਆਉਂਦਾ ਹੈ, ਬੱਸ ਮੋੜਾ ਲਿਆਉਣ ਦੀ ਨੀਤ ਅਤੇ ਉਸ ਨੀਤ ਲਈ ਕੁਝ ਕਰਨ ਦੀ ਜੁਰਅਤ ਕਰਨ ਜੋਗਾ ਬੰਦਾ ਚਾਹੀਦਾ ਹੈ, ਸਭ ਕੁਝ ਹੋ ਸਕਦਾ ਹੈ। ਖਤਰਨਾਕ ਹਥਿਆਰਾਂ ਦੀ ਵਰਤੋਂ ਨਾ ਕਰਨ ਦੀ ਸਹਿਮਤੀ ਦਾ ਮਤਾ ਯੂ ਐੱਨ ਓ ਵੱਲੋਂ ਪਾਸ ਕੀਤੇ ਜਾਣ ਪਿੱਛੋਂ ਪੰਝੀ ਸਾਲ ਅਮਰੀਕੀ ਸਰਕਾਰਾਂ ਨੇ ਅੱਖੋਂ-ਪਰੋਖੇ ਕੀਤਾ, ਪਰ ਬਰਾਕ ਓਬਾਮਾ ਨੇ ਰਾਸ਼ਟਰਪਤੀ ਬਣ ਕੇ ਜਿਹੜਾ ਪਹਿਲਾ ਪੂਰਾ ਦਿਨ ਮਹਾਂਸ਼ਕਤੀ ਦੇ ਮੁਖੀ ਦੀ ਕੁਰਸੀ ਉੱਤੇ ਆਪਣੇ ਫਰਜ਼ਾਂ ਦੀ ਪੂਰਤੀ ਲਈ ਦਿੱਤਾ, ਓਸੇ ਦਿਨ ਯੂ ਐੱਨ ਓ ਦੇ ਉਸ ਮਤੇ ਦੀ ਪ੍ਰਵਾਨਗੀ ਦੀ ਫਾਈਲ ਉੱਤੇ ਦਸਤਖਤ ਕਰਨ ਦਾ ਫਰਜ਼ ਨਿਭਾ ਦਿੱਤਾ ਸੀ। ਇਸ ਨਾਲ ਦੁਨੀਆ ਦੇ ਲੋਕਾਂ ਨੂੰ ਇੱਕ ਸੰਦੇਸ਼ ਗਿਆ ਸੀ, ਪਰ ਏਦੂੰ ਅਗਲਾ ਕਦਮ ਬਰਾਕ ਓਬਾਮਾ ਨੇ ਓਦੋਂ ਪੁੱਟਿਆ, ਜਦੋਂ ਉਹ ਜਾਪਾਨ ਦੇ ਦੌਰੇ ਦੌਰਾਨ ਹੀਰੋਸ਼ੀਮਾ ਦੀ ਯਾਦਗਾਰ ਵਿਖੇ ਗਿਆ ਅਤੇ ਉਸ ਯਾਦਗਾਰ ਅੱਗੇ ਗੋਡਿਆਂ ਪਰਨੇ ਹੋ ਕੇ ਨੀਂਵੀਂ ਪਾ ਕੇ ਬੈਠ ਗਿਆ ਸੀ। ਓਦੋਂ ਉਸ ਨੇ ਕਿਹਾ ਸੀ ਕਿ ਜੋ ਵਾਪਰ ਗਿਆ, ਉਹ ਦੋਬਾਰਾ ਨਹੀਂ ਵਾਪਰਨਾ ਚਾਹੀਦਾ ਅਤੇ ਅਮਰੀਕਾ ਦੇ ਨਸਲਵਾਦੀਆਂ ਦੀ ਇੱਕ ਧਿਰ ਇਸ ਤਰ੍ਹਾਂ ਕਰਨ ਤੋਂ ਖੁਸ਼ ਨਹੀਂ ਸੀ ਹੋਈ, ਅੰਦਰੋ-ਅੰਦਰ ਬੁੜਬੁੜ ਕਰਦੀ ਰਹੀ ਸੀ। ਬਰਾਕ ਓਬਾਮਾ ਦੇ ਹੀਰੋਸ਼ੀਮਾ ਜਾਣ ਨਾਲ ਐਟਮ ਬੰਬ ਦੇ ਕਹਿਰ ਦਾ ਸ਼ਿਕਾਰ ਹੋ ਕੇ ਮਰ ਗਏ ਲੋਕ ਨਹੀਂ ਸਨ ਮੁੜ ਆਉਣੇ, ਨਾ ਉਸ ਬੰਬ ਦੇ ਪ੍ਰਭਾਵ ਲੈ ਕੇ ਜੰਮਦੀ ਅਗਲੀ ਪੀੜ੍ਹੀ ਦੇ ਲੋਕਾਂ ਨੇ ਇਸ ਹਮਦਰਦੀ ਨਾਲ ਠੀਕ ਹੋ ਜਾਣਾ ਸੀ, ਪਰ ਇੱਕ ਸੰਦੇਸ਼ ਮਿਲ ਗਿਆ ਕਿ ਇਹ ਨਹੀਂ ਸੀ ਹੋਣਾ ਚਾਹੀਦਾ।

ਅੱਜ ਅਮਰੀਕਾ ਇੱਕ ਵਾਰ ਫਿਰ ਦੇਸ਼ ਦੇ ਮੁਖੀ ਦੀ ਚੋਣ ਦੇ ਦਰਾਂ ਉੱਤੇ ਹੈ ਤੇ ਦੋਵੇਂ ਧਿਰਾਂ ਇਹ ਚੋਣ ਜਿੱਤਣ ਦੇ ਲਈ ਜ਼ੋਰ ਲਾਉਣ ਵਾਲੀਆਂ ਹਨ। ਦੂਸਰੇ ਪਾਸੇ ਮਨੁੱਖਤਾ ਇੱਕ ਹੋਰ ਜੰਗ ਵੇਖ ਰਹੀ ਹੈ, ਜਿਸ ਨੂੰ ਸ਼ੁਰੂ ਹੋਇਆਂ ਡੇਢ ਕੁ ਸਾਲ ਹੋ ਚੁੱਕਾ ਹੈ, ਪਰ ਕਿਸੇ ਸਿਰੇ ਨਹੀਂ ਲੱਗ ਸਕੀ, ਲੋਕ ਮਰ ਰਹੇ ਹਨ। ਰੂਸ ਅਤੇ ਯੂਕਰੇਨ ਦੀ ਇਸ ਜੰਗ ਵਿੱਚ ਬਿਨਾਂ ਸ਼ੱਕ ਜ਼ਾਹਰਾ ਤੌਰ ਉੱਤੇ ਉਹ ਦੋਵੇਂ ਧਿਰਾਂ ਲੜਦੀਆਂ ਹਨ, ਪਰ ਅਮਲ ਵਿੱਚ ਯੂਕਰੇਨੀ ਫੌਜ ਲੜਦੀ ਪਈ ਹੈ ਤੇ ਜਵਾਨ ਵੀ ਉਸੇ ਦੇ ਮਰਦੇ ਪਏ ਹਨ, ਲੜਾਈ ਦਾ ਸਾਮਾਨ ਅਤੇ ਮੈਦਾਨੀ ਲੜਾਈ ਦੇ ਨੁਸਖੇ ਬਾਹਰੋਂ ਭੇਜੇ ਜਾਣ ਵਾਲੀ ਗੱਲ ਕਿਸੇ ਤੋਂ ਲੁਕਾਈ ਨਹੀਂ ਜਾ ਸਕਦੀ। ਉਸ ਨੂੰ ਫੌਜੀ ਗੱਠਜੋੜ ਨਾਟੋ ਦੀ ਮੈਂਬਰੀ ਦੇਣ ਦਾ ਲਾਰਾ ਲਾ ਕੇ ਰੂਸ ਨਾਲ ਲੜਨ ਦੇ ਰਾਹ ਪਾ ਚੁੱਕਣ ਦੇ ਬਾਅਦ ਨਾਟੋ ਦੀ ਮੀਟਿੰਗ ਵਿੱਚ ਉਸ ਦੀ ਮੈਂਬਰੀ ਦੀ ਗੱਲ ਵੀ ਸਿਰੇ ਨਹੀਂ ਚੜ੍ਹ ਸਕੀ। ਗਵਾਂਢੀ ਦੇਸ਼ ਨਾਲ ਸੰਬੰਧ ਪਹਿਲਾਂ ਵੀ ਚੰਗੇ ਨਹੀਂ ਸਨ ਅਤੇ ਨਾਟੋ ਮੈਂਬਰੀ ਦੀ ਝਾਕ ਵਿੱਚ ਉਹ ਹੋਰ ਵਿਗਾੜ ਕੇ ਲੜਨ ਵਾਲੇ ਰਾਹ ਪੈ ਚੁੱਕਣ ਦੇ ਬਾਅਦ ਪਿੱਛੇ ਮੁੜਨ ਜੋਗਾ ਨਹੀਂ ਰਿਹਾ ਜਾਪਦਾ। ਜਿਹੜਾ ਜੰਗੀ ਸਾਮਾਨ ਉਸ ਨੂੰ ਭੇਜਿਆ ਜਾ ਰਿਹਾ ਹੈ, ਉਹ ਲੜਨ ਦੇ ਕੰਮ ਆ ਸਕਦਾ ਹੈ, ਲੜਾਈ ਦਾ ਸਿੱਟਾ ਤਾਂ ਯੂਕਰੇਨ ਦੇ ਲੋਕਾਂ ਨੇ ਹੀ ਭੁਗਤਣਾ ਹੈ। ਉਹ ਕਿਸੇ ਦੇ ਕਹੇ ਉੱਤੇ ਇੱਕ ਦਿਨ ਰੂਸ ਵੱਲ ਡਰੋਨ ਹਮਲੇ ਕਰਨ ਵਰਗਾ ਕਦਮ ਚੁੱਕਦਾ ਹੈ, ਅਗਲੇ ਦਿਨ ਰੂਸ ਦੇ ਜਵਾਬੀ ਹੱਲੇ ਦੀ ਸੱਟ ਝੱਲਣੀ ਪੈ ਜਾਂਦੀ ਹੈ। ਸੰਸਾਰ ਭਰ ਵਿੱਚ ਇਸ ਗੱਲ ਦੀ ਚਰਚਾ ਹੈ ਕਿ ਅਮਰੀਕਾ ਇਸ ਲੜਾਈ ਦੇ ਬਹਾਨੇ ਨਵੇਂ ਬਣਵਾਏ ਜੰਗੀ ਹਥਿਆਰਾਂ ਦੀ ਪਰਖ ਵੀ ਕਰਦਾ ਪਿਆ ਹੈ ਤੇ ਦੁਨੀਆ ਭਰ ਦੇ ਦੇਸ਼ਾਂ ਨੂੰ ਇਹ ਸਾਮਾਨ ਵੇਚਣ ਵਾਸਤੇ ਇਨ੍ਹਾਂ ਦੀ ਮਾਰੂ ਸਮਰੱਥਾ ਦੀ ਨੁਮਾਇਸ਼ ਵੀ ਕਰੀ ਜਾਂਦਾ ਹੈ। ਇਹ ਗੱਲ ਵੀ ਸੰਸਾਰ ਭਰ ਵਿੱਚ ਚਰਚਾ ਦਾ ਵਿਸ਼ਾ ਹੈ ਕਿ ਇੱਕ ਪਿੱਛੋਂ ਦੂਸਰੀ ਜੰਗ ਖੁਦ ਲੜਨੀ ਜਾਂ ਕਿਸੇ ਦੋ ਦੇਸ਼ਾਂ ਵਿੱਚ ਲੜਾਈ ਪਾ ਛੱਡਣ ਦਾ ਇੱਕ ਕਾਰਨ ਇਹ ਵੀ ਹੁੰਦਾ ਹੈ ਕਿ ਅਮਰੀਕਾ ਦੀ ਜੰਗੀ ਸਾਮਾਨ ਦੀ ਇੰਡਸਟਰੀ ਨੂੰ ਚੱਲਦੀ ਰੱਖਣ ਲਈ ਵੇਚਣ ਵਾਲੇ ਸਾਮਾਨ ਦੀ ਪਰਦਰਸ਼ਨੀ ਵਾਲਾ ਪਲੇਟਫਾਰਮ ਲਗਾਤਾਰ ਸਰਗਰਮ ਰੱਖਿਆ ਜਾਵੇ। ਇਹੋ ਜਿਹੇ ਹਾਲਾਤ ਵਿੱਚ ਹੋ ਰਹੀਆਂ ਹਨ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ।

ਨੇਪਾਮ ਬੰਬ ਅਤੇ ਐਟਮ ਬੰਬ ਦੀ ਪਰਖ ਦੇ ਕਾਲੇ ਤਜਰਬੇ ਕਰ ਚੁੱਕਾ ਦੁਨੀਆ ਦਾ ਇਕਲੌਤਾ ਦੇਸ਼, ਜਿਸ ਕਾਰਨ ਯੂ ਐੱਨ ਨੂੰ ਖਤਰਨਾਕ ਹਥਿਆਰਾਂ ਦੀ ਵਰਤੋਂ ਦੇ ਮਤੇ ਪਾਸ ਕਰਨੇ ਪਏ ਹੋਣ, ਅਗਲੇ ਸਾਲਾਂ ਵਿੱਚ ਕਿਹੋ ਜਿਹਾ ਹੋਵੇ ਅਤੇ ਇਸ ਦੀ ਚੌਧਰ ਕਿਸੇ ਦੇ ਹੱਥ ਹੋਵੇ, ਅਮਰੀਕੀ ਲੋਕਾਂ ਲਈ ਇਹ ਸੌਖਾ ਸਵਾਲ ਨਹੀਂ। ਦੁਨੀਆ ਦੇ ਲੋਕਾਂ ਨੂੰ ਲੋਕਤੰਤਰ ਦਾ ਪਾਠ ਪੜ੍ਹਾਉਣ ਵਾਲਾ ਅਮਰੀਕਾ ਖੁਦ ਕਿਹੜੇ ਰਾਹ ਪਵੇਗਾ, ਸੰਸਾਰ ਦੀ ਨਜ਼ਰ ਏਧਰ ਲੱਗੀ ਰਹੇਗੀ।

ਸਿਆਸੀ ਫਕੀਰ ਦੀ ਗੱਪ

ਸੁਲਘਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਪਾਰਲੀਮੈਂਟ ਵਿੱਚ ਮਨੀਪੁਰ ਬਾਰੇ ਚੁੱਪ ਤੋੜਨ ਵਾਲਾ ਪ੍ਰਧਾਨ ਮੰਤਰੀ ਫਿਰ ਪੰਦਰਾਂ ਅਗਸਤ ਨੂੰ ਝੰਡਾ ਲਹਿਰਾਉਂਦੇ ਮਨੀਪੁਰ ਬਾਰੇ ਉਹੋ ਘਸੇ ਪਿਟੇ ਸ਼ਬਦ ਕਿ "ਸਾਰਾ ਦੇਸ਼ ਮਨੀਪੁਰ ਨਾਲ ਖੜ੍ਹਾ ਹੈ", ਹੋਰ ਜ਼ਿਆਦਾ ਨਾ ਬੋਲ ਸਕਿਆ। ਉਸ ਮਨੀਪੁਰ ਦੀ ਸਰਕਾਰ ਜੋ ਡਬਲ ਇੰਜਣ ਨਾਲ ਚਲਦੀ ਹੈ, ਜਿਸ ਦੇ ਗੈਰ ਜ਼ਿੰਮੇਵਾਰ ਸਾਬਤ ਹੋਏ ਮੁੱਖ ਮੰਤਰੀ ਬਾਰੇ ਪ੍ਰਧਾਨ ਮੰਤਰੀ ਜੀ ਇੱਕ ਵੀ ਸ਼ਬਦ ਆਪਣੇ ਮੁੱਖ ਦੁਆਰ 'ਚੋਂ ਨਹੀਂ ਕੱਢ ਸਕੇ। ਇਹ ਦੱਸਣ ਅਤੇ ਸਮਝਾਉਣ ਦੀ ਕੋਸ਼ਿਸ਼ ਹੀ ਨਹੀਂ ਕਰ ਸਕੇ ਕਿ ਸਾਰਾ ਦੇਸ਼ ਮਨੀਪੁਰ ਨਾਲ ਕਿਵੇਂ ਅਤੇ ਕਿੱਦਾਂ ਖੜ੍ਹਾ ਹੈ? ਰੁਕ-ਰੁਕ ਹਮਲੇ ਅਤੇ ਲੁੱਟਾਂ-ਖੋਹਾਂ ਹੋ ਰਹੀਆਂ ਹਨ। ਹੁਕਮਰਾਨ ਪਾਰਟੀ ਦੇ ਤਿੰਨ ਦਰਜਨ ਤੋਂ ਵੱਧ ਵਿਧਾਇਕ ਫ਼ੌਜ ਹਟਾਉਣ ਦੀ ਮੰਗ ਕਰ ਚੁੱਕੇ ਹਨ। ਪਰ ਮੌਜੂਦਾ ਮੁੱਖ ਮੰਤਰੀ ਅਤੇ ਮੌਜੂਦਾ ਗਵਰਨਰ ਖ਼ਿਲਾਫ਼ ਇੱਕ ਵੀ ਸ਼ਬਦ ਨਹੀਂ ਆਖ ਰਹੇ। ਨਿਰਵਸਤਰ ਕੀਤੀਆਂ ਔਰਤਾਂ ਲਈ ਕੀ ਅਤੇ ਕਿਹੜੀ ਮੱਲ੍ਹਮ ਲਾਈ ਗਈ? ਉਨ੍ਹਾਂ ਦਰਜਨ ਭਰ ਦਰਿੰਦਿਆਂ ਨਾਲ ਅੱਜ ਤੱਕ ਕਿਹੜੀ ਕਿਹੜੀ ਬਣਦੀ ਕਾਰਵਾਈ ਕੀਤੀ ਗਈ, ਜਿਹੜੀ ਆਉਣ ਵਾਲੇ ਸਮੇਂ ਲਈ ਮਿਸਾਲ ਬਣ ਸਕੇ।

ਮੁੜ ਅਜ਼ਾਦੀ ਦਾ ਝੰਡਾ ਲਹਿਰਾਉਣ ਵਾਲੇ ਪ੍ਰਧਾਨ ਮੰਤਰੀ ਜਦ ਗੁਜਰਾਤ ਦੇ ਮੁੱਖ ਮੰਤਰੀ ਸਨ, ਜਿਨ੍ਹਾਂ ਐਮ ਐਸ ਪੀ ਦੇ ਹੱਕ ਵਿੱਚ ਜ਼ੋਰਦਾਰ ਅਵਾਜ਼ ਉਠਾਈ ਸੀ, ਅੱਜ ਭਾਰਤ ਦੀ ਸਮੁੱਚੀ ਕਿਸਾਨੀ ਦੇ ਘੋਲ ਤੋਂ ਚਿੱਤ ਹੋ ਕੇ ਸਭ ਕੁਝ ਮੰਨਣ ਤੋਂ ਬਾਅਦ ਅੱਜ ਦੇ ਦਿਨ ਫਿਰ ਐਮ ਐਸ ਪੀ ਤੋਂ ਪਿੱਛੇ ਹਟ ਰਹੇ ਹਨ, ਕਿਉਂ? ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਤੋਂ ਝੂਠੇ ਪਏ ਪ੍ਰਧਾਨ ਮੰਤਰੀ ਕਾਰਨ ਦੱਸਣ ਤੋਂ ਇਨਕਾਰੀ ਹਨ। ਚੋਣਵੇਂ ਅਤੇ ਖਾਸ ਸੂਬਿਆਂ ਦੇ ਕਿਸਾਨਾਂ ਨੂੰ ਭੀਖ ਦੇ ਰੂਪ ਵਿੱਚ ਛੇ ਹਜ਼ਾਰ ਸਲਾਨਾ ਦੇ ਕੇ ਆਪਣੇ ਭਾਸ਼ਣਾਂ 'ਚ ਚਿਤਾਰ ਰਹੇ ਹਨ। ਪਰ ਜਨਾਬ ਨੂੰ ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਗਰੀਬ ਅਤੇ ਦੁਖੀ ਕਿਸਾਨ ਭੁੱਲਣਹਾਰ ਨਹੀਂ ਹਨ। ਸਮਾਂ ਆਉਣ 'ਤੇ ਬਣਦਾ ਢੁਕਵਾਂ ਜਵਾਬ ਜ਼ਰੂਰ ਦੇਣਗੇ। ਕਾਰਨ! ਨਾ ਤਾਂ ਉਹ

20-Aug-Sunday.qxd 8/19/2023 10:32 PM Page 4

ਸੰਤਾਲੀ ਦੇ ਸੰਤਾਪ ਨਾਲ ਜੁੜੀ ਨਾਵਲੀ ਪਰੰਪਰਾ ਦੇ ਦੋ ਨਾਵਲ- 'ਕਸਕ' ਅਤੇ 'ਨੋ ਮੈਨਜ਼ ਲੈਂਡ ਤੋਂ ਸ਼ਕੀਲਾ'

ਪੰਜਾਬੀਆਂ ਦੇ ਉਜਾੜੇ ਦਾ ਬਿਰਤਾਂਤ

ਡਾ. ਜੇ ਬੀ ਸੇਖੋਂ

ਦੇਸ਼ ਦੀ ਵੰਡ ਸਿਰਫ ਦੋ ਖਿੱਤਿਆਂ ਦੀ ਭੂਗੋਲਿਕ ਵੰਡ ਦਾ ਸੰਤਾਪ ਨਹੀਂ, ਸਗੋਂ ਪੰਜਾਬ ਵਿੱਚ ਸਦੀਆਂ ਤੋਂ ਵੱਸਦੀਆਂ ਕੌਮਾਂ ਦੇ ਸਮਾਜਿਕ, ਸੱਭਿਆਚਾਰਕ ਅਤੇ ਮਾਨਸਿਕ ਸਾਂਝ ਦੀ ਖੰਡਿਤ ਟੁੱਟ-ਭੱਜ ਦਾ ਬਹੁਪਾਸਾਰਾ ਸੰਤਾਪ ਵੀ ਹੈ। ਪੰਜਾਬ ਵਰਗੇ ਖਿੱਤੇ ਨੇ ਤਵਾਰੀਖ ਅੰਦਰ ਜਿਸ ਕਿਸਮ ਦੀ ਭੂਗੋਲਿਕ, ਮੌਸਮੀ, ਸਮਾਜਿਕ ਅਤੇ ਸੰਸਕ੍ਰਿਤਕ ਵੰਨ-ਸੁਵੰਨਤਾ ਵਾਲੀ ਭੱਲ ਖੱਟੀ ਹੋਈ ਸੀ, ਉਸ ਨੂੰ ਇਤਿਹਾਸ ਦੀ ਸਭ ਤੋਂ ਵੱਡੀ ਮਾਰ ਸੰਤਾਲੀ ਦੇ ਉਜਾੜੇ ਮੌਕੇ ਪਈ। ਸ਼ਾਹ ਮੁਹੰਮਦ ਦੇ ਕਹਿਣ ਮੁਤਾਬਕ ਪੰਜਾਬ ਅੰਦਰ ਤੀਜੀ ਜਾਤ ਦੇ ਦਖ਼ਲ ਨਾਲ ਹੀ ਹਿੰਦੂ ਮੁਸਲਮਾਨਾਂ ਦੇ ਰਾਜ਼ੀ ਰਹਿਣ ਦੇ ਸੰਕਲਪ ਨੂੰ ਢਾਹ ਲੱਗਣੀ ਸ਼ੁਰੂ ਹੋ ਗਈ ਸੀ। ਇਹ ਤੀਜੀ ਜਾਤ ਇਸਾਈ ਧਰਮ ਨੂੰ ਮੰਨਣ ਵਾਲੇ ਬਰਤਾਨਵੀ ਸ਼ਾਸਕ ਸਨ, ਜਿਨ੍ਹਾਂ ਦੇ ਪ੍ਰਵੇਸ਼ ਨਾਲ ਪੰਜਾਬ ਦੀ ਸਾਮੰਤਵਾਦੀ ਤਾਸੀਰ ਦਾ ਪੂੰਜੀਵਾਦੀ ਮੁੱਲ ਪ੍ਰਬੰਧ ਵਿੱਚ ਜਬਰੀ ਤੌਰ 'ਤੇ ਵਿਸਥਾਪਤ ਹੋਣ ਦਾ ਅਮਲ ਗਹਿਰੇ ਸਿੱਟੇ ਪੈਦਾ ਕਰ ਰਿਹਾ ਸੀ। ਬਸਤੀਵਾਦੀ ਸ਼ਾਸਕਾਂ ਨੇ ਹਰ ਖੇਤਰ ਵਿੱਚ ਇੱਥੋਂ ਦੀ ਧਾਰਮਿਕ, ਸੰਸਕ੍ਰਿਤਕ ਅਤੇ ਸਮਾਜਿਕ ਵੰਨ ਸੁਵੰਨਤਾ ਨੂੰ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਲਈ ਜੰਮ ਕੇ ਵਰਤਿਆ। ਬਸਤੀਵਾਦੀ ਦੌਰ ਦੀ ਧਾਰਮਿਕ ਫਿਰਕਾਪ੍ਰਸਤੀ ਅਤੇ ਮਜ਼ਹਬੀ ਕੱਟੜਤਾ ਬਰਤਾਨਵੀ ਸੱਤਾ ਸਿਆਸਤ ਲਈ ਖਾਦ ਦਾ ਕੰਮ ਕਰਦੀ ਰਹੀ। ਦੂਜੇ ਵਿਸ਼ਵ ਯੁੱਧ ਵਿੱਚ ਬਰਤਾਨਵੀ ਸਾਮਰਾਜ ਦੀਆਂ ਗੋਡਣੀਆਂ ਲੱਗਣ ਅਤੇ ਕੌਮੀ ਆਜ਼ਾਦੀ ਅੰਦੋਲਨ ਦੇ ਤਿੱਖੇਪਣ ਨੇ ਅੰਗਰੇਜ਼ ਸ਼ਾਸਕਾਂ ਨੂੰ ਭਾਰਤ ਛੱਡਣ ਲਈ ਮਜਬੂਰ ਕਰ ਦਿੱਤਾ, ਪਰ ਦੇਸ਼ ਦੀ ਆਜ਼ਾਦੀ ਅਤੇ ਉਜਾੜੇ ਦਾ ਦਵੰਦ ਭਾਰਤ ਵਾਸੀਆਂ ਖਾਸ ਕਰਕੇ ਪੰਜਾਬੀਆਂ ਲਈ ਨਾਸੂਰ ਬਣ ਕੇ ਇਤਿਹਾਸ ਦੇ ਸਫੇ 'ਤੇ ਫੈਲ ਗਿਆ। ਸੰਤਾਲੀ ਦੀ ਦੇਸ਼ ਵੰਡ ਮੌਕੇ ਪੰਜਾਬੀ ਬੰਦੇ ਅੰਦਰਲਾ ਹੈਵਾਨ ਜਾਗ ਪਿਆ, ਜਿਸ ਨੂੰ ਬਰਤਾਨਵੀ ਬਸਤੀਵਾਦ ਦੀ ਮਜ਼ਹਬੀ ਕੱਟੜਤਾ, ਰਾਜਸੀ ਲੀਡਰਾਂ ਦੇ ਦੋਗਲੇ ਕਿਰਦਾਰ, ਮਰਦ ਪ੍ਰਧਾਨ ਸਮਾਜ ਦੀਆਂ ਜਗੀਰਦਾਰੀ ਬਣਤਰਾਂ ਅਤੇ ਜਾਤੀ/ਜਮਾਤੀ ਧੌਂਸ ਨੇ ਸਿਖਰਾਂ 'ਤੇ ਪੁਜਾ ਦਿੱਤਾ। ਪੰਜਾਬ ਵਿੱਚ ਦੰਗੇ ਫਸਾਦ, ਔਰਤਾਂ ਦੇ ਉਧਾਲੇ, ਸਾੜ-ਫੂਕ, ਵੱਢ-ਟੁੱਕ ਦੀਆਂ ਮਿਸਾਲਾਂ ਨੇ ਵੰਡ ਦੀ ਇਸ ਘਟਨਾ ਨੂੰ ਵਿਸ਼ਵ ਦੇ ਵੱਡੇ ਨਰਸੰਹਾਰਾਂ ਵਿੱਚ ਸ਼ੁਮਾਰ ਕਰ ਦਿੱਤਾ। ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਦੇ ਲਹਿੰਦੇ ਅਤੇ ਚੜ੍ਹਦੇ ਪੰਜਾਬ ਤੋਂ ਵਿਸਥਾਪਤ ਹੋਣ ਦਾ ਦਰਦ ਭਾਰਤ ਦੇ ਇਤਿਹਾਸ ਦਾ ਕਾਲਾ ਕਾਂਡ ਬਣ ਗਿਆ। ਡਾ. ਮਨਮੋਹਨ ਹਿੰਦੋਸਤਾਨੀ ਬਰੇ-ਸਗੀਰ ਵਿੱਚ ਵੰਡ ਦੇ ਇਸ ਕਾਲੇ ਕਾਂਡ ਨੂੰ ਅਜਿਹੀ ਲਾਸ਼ ਮੰਨਦਾ ਹੈ, ਜੋ ਪੰਜਾਬ ਦੇ ਸਾਂਝੇ ਸੱਭਿਆਚਾਰਕ ਸਿਮਰਤੀਆਂ ਦੇ ਪਾਣੀਆਂ ਵਿੱਚ ਅਜੇ ਵੀ ਤੈਰ ਰਹੀ ਹੈ।

ਪੰਜਾਬੀ ਨਾਵਲ ਦੇ ਗਲਪੀ ਧਰਾਤਲ 'ਤੇ ਨਾਨਕ ਸਿੰਘ ਦੇ ਨਾਵਲ 'ਖੂਨ ਦੇ ਸੋਹਿਲੇ' ਤੋਂ ਲੈ ਕੇ ਹੁਣ ਤੱਕ ਦੇਸ਼ ਦੀ ਵੰਡ ਦਾ ਥੀਮ ਅਕਸਰ ਗੂੰਜਦਾ ਰਿਹਾ ਹੈ, ਪਰ ਇਸ ਪਰੰਪਰਾ ਦੇ ਪੰਜਾਬੀ ਨਾਵਲ ਨੇ ਦੇਸ਼ ਵੰਡ ਦੇ ਵਿਸ਼ੇ ਨੂੰ ਜ਼ਿਆਦਾਤਰ ਘਟਨਾਮੁਖੀ ਵਸਤੂ ਪ੍ਰਸੰਗ ਵਿੱਚ ਹੀ ਰੂਪਮਾਨ ਕੀਤਾ ਹੈ, ਜਦਕਿ ਇਸ ਪਰੰਪਰਾ ਦਾ ਅੰਗਰੇਜ਼ੀ, ਹਿੰਦੀ ਅਤੇ ਉਰਦੂ ਨਾਵਲ ਆਪਣੇ ਪਿਛੋਕੜ ਵਿੱਚ ਸਮਾਜਿਕ ਰਾਜਸੀ ਵਸਤੂ ਸੰਦਰਭ ਨਾਲ ਲੈ ਕੇ ਚੱਲਦਾ ਰਿਹਾ ਹੈ, ਜਿਸ ਕਰਕੇ ਹਿੰਦੀ ਵਿੱਚ ਯਸ਼ਪਾਲ, ਭੀਸ਼ਮ ਸਾਹਨੀ, ਰਾਹੀ ਮਾਸੂਮ ਰਜ਼ਾ, ਅੰਗਰੇਜ਼ੀ ਵਿੱਚ ਖੁਸ਼ਵੰਤ ਸਿੰਘ, ਚਮਨ ਲਾਲ ਨਾਹਲ ਅਤੇ ਉਰਦੂ ਵਿੱਚ ਕੁਰਤੁਲੈਨ ਹੈਦਰ ਆਦਿ ਨਾਵਲਕਾਰਾਂ ਦੀਆਂ ਕ੍ਰਿਤਾਂ ਮੁਕਾਬਲਤਨ ਵੱਧ ਪ੍ਰਭਾਵਸ਼ਾਲੀ ਹਨ। ਫਿਰ ਵੀ ਦੁੱਗਲ, ਸੀਤਲ, ਅੰਮ੍ਰਿਤਾ ਪ੍ਰੀਤਮ, ਨਰੂਲਾ, ਤਸਨੀਮ, ਰੰਧਾਵਾ, ਸਲੀਮ ਖਾਂ ਅਤੇ ਬਾਕਰ ਮੁਹੰਮਦ ਦੇ ਪੰਜਾਬੀ ਨਾਵਲ ਦੇਸ਼ ਵੰਡ ਦੀ ਘਟਨਾ ਨੂੰ ਵੱਖੋ-ਵੱਖਰੇ ਜ਼ਾਵੀਏ ਤੋਂ ਪੇਸ਼ ਕਰਦੇ ਰਹੇ ਹਨ। ਦੇਸ਼ ਵੰਡ ਦਾ ਪੰਜਾਬੀ ਨਾਵਲ ਅਜੇ ਤੱਕ ਵੀ ਆਦਰਸ਼ਵਾਦ, ਰੁਮਾਂਸਵਾਦ, ਮੌਕਾ ਮੇਲ, ਉਪਭਾਵੁਕਤਾ ਅਤੇ ਪਾਤਰਾਂ ਦੇ ਲਕੀਰੀ ਚਿਤਰਣ ਤੋਂ ਮੁਕਤ ਨਹੀਂ ਹੈ। ਪੰਜਾਬੀ ਨਾਵਲਕਾਰ ਵੰਡ ਦੀ ਦਹਿਸ਼ਤ ਅਤੇ ਦਮਨ ਵਿੱਚ ਦਰੜੀ ਗਈ ਲੋਕਾਈ ਪ੍ਰਤੀ ਚਿੰਤਤ ਹਨ, ਪਰ ਇਹ ਚਿੰਤਾ ਚਿੰਤਨ ਦਾ ਹਿੱਸਾ ਨਹੀਂ ਬਣ ਸਕੀ। ਵੰਡ ਦੇ ਸੰਤਾਪ ਦੀ ਇਕਾਂਗੀ, ਇਕਹਿਰੀ ਅਤੇ ਸਤਹੀ ਪੇਸ਼ਕਾਰੀ ਦੀਆਂ ਨਾਵਲੀ ਮਿਸਾਲਾਂ ਵਧੇਰੇ ਹਨ, ਪਰ ਵੰਡ ਦੇ ਪਿੱਛੇ ਕਾਰਜਸ਼ੀਲ ਪੰਜਾਬੀ ਮਨੋ ਵਿਗਿਆਨ, ਰਾਜਸੀ ਆਰਥਿਕ ਪ੍ਰਸਥਿਤੀਆਂ ਅਤੇ ਸੱਭਿਆਚਾਰਕ ਪ੍ਰੇਰਕ ਨਦਾਰਦ ਹਨ। ਵਤਨ ਦੇ ਦੁਫਾੜ ਹੋਣ ਦਾ ਸੰਤਾਪ ਅੱਖੀਂ ਦੇਖਣ ਅਤੇ ਭੋਗਣ ਵਾਲੇ ਲੇਖਕਾਂ ਦੀ ਪਹਿਲੀ ਪੀੜ੍ਹੀ ਤੋਂ ਲੈ ਕੇ ਹੁਣ ਤੱਕ ਇਸ ਵਰਤਾਰੇ ਨੂੰ ਸੁਣ ਕੇ ਗ੍ਰਹਿਣ ਕਰਨ ਵਾਲੇ ਲੇਖਕਾਂ ਤੱਕ ਦੀ ਲੰਮੀ ਫਹਿਰਿਸਤ ਹੈ, ਜਿਨ੍ਹਾਂ ਨੇ ਇਸ ਵਿਸ਼ੇ 'ਤੇ ਕਲਮ ਅਜ਼ਮਾਈ ਵੀ ਕੀਤੀ ਹੈ ਅਤੇ ਕਲਮ ਘਸਾਈ ਵੀ। ਕੁੱਲ ਮਿਲਾ ਕੇ ਉਜਾੜੇ ਦੀ ਚੀਸ ਨੂੰ ਦੁਖਾਂਤਕ ਬੋਧ ਭਰੇ ਬਿਰਤਾਂਤਕ ਪ੍ਰਸੰਗਾਂ ਵਿੱਚ ਘੜੀ ਮੁੜ ਸਿਰਜਣ ਦਾ ਵਰਤਾਰਾ ਸਮਕਾਲ ਤੱਕ ਦੀ ਪੰਜਾਬੀ ਨਾਵਲਕਾਰੀ ਦਾ ਹਿੱਸਾ ਬਣਿਆ ਹੋਇਆ ਹੈ, ਪਰ ਇਸ ਦੇ ਸਿਰਜਣਾਤਮਿਕ ਤੱਤਾਂ ਵਿੱਚੋਂ ਪੱਤਰਕਾਰੀ, ਸੂਚਨਾ ਗਿਆਨ, ਤਰਦੇ-ਤਰਦੇ ਘਟਨਾ ਮੂਲਕ ਪ੍ਰਸੰਗ, ਪਾਤਰਾਂ ਦਾ ਆਦਰਸ਼ੀਕਰਨ ਅਤੇ ਤਤਕਾਲ ਦਾ ਸਤਹੀ ਚਿਤਰਣ ਭਾਰੂ ਹੈ।

ਨੋ ਮੈਨਜ਼-ਲੈਂਡ ਤੋਂ ਸ਼ਕੀਲਾ
(ਗਲਪ ਰਚਨਾ)
ਸੁਰਿੰਦਰ ਸਿੰਘ ਨੇਕੀ
ਪੰਨੇ-336, ਮੁੱਲ-450 ਰੁਪਏ
ਯੂਨੀਸਟਾਰ ਬੁੱਕਸ, ਚੰਡੀਗੜ੍ਹ

ਇਨ੍ਹਾਂ ਪ੍ਰਸੰਗਾਂ ਵਿੱਚ ਸੰਤਾਲੀ ਦੇ ਥੀਮ ਨਾਲ ਜੁੜੇ ਦੋ ਨਾਵਲ ਵਿਚਾਰਅਧੀਨ ਹਨ। ਧਰਮਪਾਲ ਸਾਹਿਲ ਦਾ ਇਸ ਸਾਲ ਪ੍ਰਕਾਸ਼ਿਤ ਹੋਇਆ ਨਾਵਲ 'ਕਸਕ' ਅਤੇ ਸੁਰਿੰਦਰ ਸਿੰਘ ਨੇਕੀ ਦਾ ਨਾਵਲ 'ਨੋ ਮੈਨਜ਼ ਲੈਂਡ ਸ਼ਕੀਲਾ' ਦੇਸ਼ ਦੀ ਵੰਡ ਨਾਲ ਜੁੜੀ ਨਾਵਲੀ ਪਰੰਪਰਾ ਵਿੱਚ ਤਾਜ਼ਾ ਵਾਧੇ ਹਨ। ਧਰਮਪਾਲ ਸਾਹਿਲ ਕੰਢੀ ਇਲਾਕੇ ਦੀ ਸੱਭਿਆਚਾਰਕ ਰਹਿਤਲ 'ਤੇ ਪਸਰੇ ਸੰਕਟਾਂ ਨੂੰ 'ਪਥਰਾਟ' ਅਤੇ 'ਕੁਆਰ ਝਾਤ' ਵਰਗੇ ਨਾਵਲਾਂ ਦੁਆਰਾ ਪੇਸ਼ ਕਰਨ ਵਾਲਾ ਲੇਖਕ ਹੈ। ਸੁਰਿੰਦਰ ਸਿੰਘ ਨੇਕੀ 'ਛੇਵਾ ਦਰਿਆ' ਵਰਗੇ ਨਾਵਲ ਦੁਆਰਾ ਪੰਜਾਬ ਵਿੱਚ ਫੈਲੇ ਨਸ਼ਿਆਂ ਦੇ ਜੰਜਾਲ ਨਾਲ ਪੈਦਾ ਪਰਵਾਰਕ ਤੇ ਸਮਾਜਿਕ ਬੇਤਰਤੀਬੀਆਂ ਦੀ ਨਿਸ਼ਾਨਦੇਹੀ ਕਰਨ ਵਾਲਾ ਲੇਖਕ ਹੈ। ਕੰਢੀ ਇਲਾਕੇ ਦੇ ਜੰਮਪਲ ਦੋਵੇਂ ਲੇਖਕ ਆਪਣੀ ਉਮਰ ਦੇ ਪੋਢ਼ਤਾ ਵਾਲੇ ਪੜਾਅ 'ਤੇ ਗਲਪ ਸਾਧਨਾ ਵਿੱਚ ਜੁਟੇ ਹੋਏ ਹਨ। ਧਰਮਪਾਲ ਸਾਹਿਲ ਆਪਣੇ ਨਾਵਲ ਵਿੱਚ ਸੰਤਾਲੀ ਦੇ ਨਾਸੂਰ ਦੀ ਕਸਕ ਨੂੰ ਭਾਰਤ-ਪਾਕਸਤਾਨ ਦੇ ਮੌਜੂਦਾ ਸਮਾਜੀ-ਰਾਜਸੀ ਹਾਲਾਤ ਤੱਕ ਫੈਲਾ ਕੇ ਦੇਖਣ ਦਾ ਯਤਨ ਕਰਦਾ ਹੈ। 1947 ਵੇਲੇ ਹਿੰਦੂ ਤੇ ਮੁਸਲਮਾਨ ਧਰਮ ਦੇ ਪਿਛੋਕੜ ਵਾਲੇ ਦੋ ਪਰਵਾਰਾਂ ਦੇ ਪਾਤਰ ਰਾਵਲ ਅਤੇ ਸ਼ਿਕੋਹ ਮਲਿਕ ਦੇ ਵਿਛੋੜੇ ਦੀ ਚੀਸ ਨਾਵਲ ਦੇ ਪਿਛੋਕੜ ਵਿੱਚ ਕਾਰਜਸ਼ੀਲ ਰਹਿੰਦੀ ਹੈ। ਸ਼ਿਕੋਹ ਮਲਿਕ ਪਾਕਿਸਤਾਨ ਪੁੱਜ ਕੇ ਖਤੋ-ਖਿਤਾਬਤ ਦੁਆਰਾ ਰਾਵਲ ਨਾਲ ਜੁੜਿਆ ਰਹਿੰਦਾ ਹੈ, ਪਰ ਰਾਵਲ ਦੀ ਮੌਤ ਪਿੱਛੋਂ ਉਰਦੂ ਵਿੱਚ ਆਉਂਦੇ ਖਤਾਂ ਦਾ ਜਵਾਬ ਰਾਵਲ ਦਾ ਦੋਸਤ ਪ੍ਰੋ. ਨੰਦਾ ਦਿੰਦਾ ਹੈ। ਗਲਪ ਸਿਰਜਣ ਦੀ ਖਤੋ-ਖਿਤਾਬਤ ਵਿਧੀ ਨਾਲ ਨਾਵਲੀ ਪ੍ਰਵਚਨ ਰੌਚਕ ਬਣਿਆ ਰਹਿੰਦਾ ਹੈ ਜਿਸ ਤੋਂ ਪਾਠਕਾਂ ਨੂੰ ਸ਼ਿਕੋਹ ਮਲਿਕ ਦੀ ਸੰਤਾਲੀ ਵੇਲੇ ਵਿੱਛੜੀ ਬੀਵੀ ਮੁਹੰਮਦ ਬੀਬੀ ਦੇ ਗੁੰਮਸ਼ੁਦਾ ਹੋਣ ਦਾ ਪਤਾ ਚੱਲਦਾ ਹੈ। ਪ੍ਰੋ. ਨੰਦਾ ਨਾਵਲੀ ਬਿਰਤਾਂਤ ਦਾ ਕੇਂਦਰ ਬਣ ਕੇ ਮੁਹੰਮਦ ਬੀਬੀ ਨੂੰ ਚੜ੍ਹਦੇ ਪੰਜਾਬ ਵਿੱਚ ਲੱਭਣ ਦੀਆਂ ਕੋਸ਼ਿਸ਼ਾਂ ਵਿੱਚ ਜੁਟਦਾ ਸ਼ਿਕੋਹ ਮਲਿਕ ਨਾਲ ਰਾਬਤੇ ਵਿੱਚ ਰਹਿੰਦਾ ਹੈ। ਇਸ ਦੌਰਾਨ ਲੇਖਕ ਪ੍ਰੋ. ਨੰਦਾ ਦੇ ਮਾਧਿਅਮ ਨਾਲ ਕਾਲਜ ਵਿਦਿਆਰਥੀਆਂ ਨੂੰ ਦਿੱਤੇ ਲੈਕਚਰਾਂ, ਪੋਤੇ ਨਾਲ ਸੰਵਾਦ ਅਤੇ ਹਮਖਿਆਲੀ ਦੋਸਤਾਂ ਨਾਲ ਗੱਲਬਾਤ ਦੁਆਰਾ ਨਾਵਲੀ ਧਰਾਤਲ 'ਤੇ ਖੁਦ ਉੱਤਰ ਕੇ ਸੰਬੋਧਨੀ ਤੇ ਭਾਸ਼ਣੀ ਸੁਰ ਅਖਤਿਆਰ ਕਰ ਲੈਂਦਾ ਹੈ। ਉਹ ਵੰਡ ਦੇ ਕਾਰਨਾਂ ਦੇ ਰਵਾਇਤੀ ਨੈਰੇਟਿਵ ਨੂੰ ਮੁੜ ਪੇਸ਼ ਕਰਦਾ ਮੁਸਲਿਮ ਲੀਗ ਅਤੇ ਕਾਂਗਰਸੀ ਲੀਡਰਾਂ ਦੀਆਂ ਸੱਤਾ ਪ੍ਰਾਪਤੀ ਦੀਆਂ ਹਰਬਾਂ ਨੂੰ ਜ਼ਿੰਮੇਵਾਰ ਦੱਸਦਾ ਹੈ। ਉਹ ਵੰਡ ਦੇ ਦਿਨਾਂ ਦੌਰਾਨ ਦੋਹਾਂ ਫਿਰਕਿਆਂ ਦੀ ਦਹਿਸ਼ਤ, ਵਹਿਸ਼ਤ, ਕਤਲੇਆਮ, ਲੁੱਟਮਾਰ, ਬੇਪੱਤੀ, ਸਾੜਫੂਕ ਸਮੇਤ ਬੁਰਛਾਗਰਦੀ ਦੇ ਤਮਾਮ ਨੈਰੇਟਿਵ ਦੀ ਪੁਨਰ ਪੇਸ਼ਕਾਰੀ ਕਰਦਾ ਜਾਂਦਾ ਹੈ। ਇਸ ਦੇ ਸਮਾਨਅੰਤਰ ਪ੍ਰੋ. ਨੰਦਾ ਮੁਹੰਮਦ ਬੀਬੀ ਦੀ ਤਲਾਸ਼ ਵਿੱਚ ਵੀ ਜੁਟਿਆ ਰਹਿੰਦਾ ਹੈ। ਨਾਵਲ ਦੇ ਬਿਰਤਾਂਤਕੀ ਪਾਠ ਵਿੱਚ ਮੁਹੰਮਦ ਬੀਬੀ ਦਾ ਵੰਡ ਦੌਰਾਨ ਫਿਰਕੂ ਹਮਲਾਵਰਾਂ ਵੱਲੋਂ ਉਧਾਲੇ ਜਾਣਾ, ਅਮੀਰ ਸਰਦਾਰ ਸ਼ਮਸ਼ੇਰ ਸਿੰਘ ਵੱਲੋਂ ਰਖੇਲ ਬਣਾ ਕੇ ਰੱਖਣਾ ਅਤੇ ਬਾਅਦ ਵਿੱਚ ਆਪਣੇ ਇੰਗਲੈਂਡ ਰਹਿੰਦੇ ਭਰਾ ਰਣਜੀਤ ਨਾਲ ਉਸ ਦਾ ਵਿਆਹ ਕਰਵਾ ਦੇਣ ਵਰਗੀਆਂ ਘਟਨਾਵਾਂ ਪਾਠਕਾਂ ਨੂੰ ਅਚੰਭਿਤ ਕਰਦੀਆਂ ਹਨ। ਇੱਥੇ ਪੁੱਜ ਕੇ ਨਾਵਲ ਆਪਣਾ ਬਿਰਤਾਂਤਕ ਵਿਵੇਕ ਗੁਆ ਲੈਂਦਾ ਹੈ ਅਤੇ ਨਾਵਲ ਦਾ ਸੱਚ ਲੇਖਕ ਦੇ ਆਪਣੇ 'ਸੱਚ' ਦੇ ਘੇਰੇ ਤੱਕ ਸੁੰਗੜ ਜਾਂਦਾ ਹੈ। ਨਾਵਲ ਦੇ ਅੰਤ ਵਿੱਚ ਮੁਹੰਮਦ ਬੀਬੀ ਤੋਂ ਮਨਜੀਤ ਕੌਰ ਬਣੀ ਸ਼ਿਕੋਹ ਮਲਿਕ ਦੀ ਪਤਨੀ ਦਾ ਪਿੰਡ ਆ ਕੇ ਇਕ ਸੱਭਿਆਚਾਰਕ ਮੇਲੇ ਵਿੱਚ ਸ਼ਮੂਲੀਅਤ ਕਰਨਾ, ਪ੍ਰੋ. ਨੰਦਾ ਦੀਆਂ ਕੋਸ਼ਿਸ਼ਾਂ ਸਦਕਾ ਸ਼ਿਕੋਹ ਮਲਿਕ ਦਾ ਚੜ੍ਹਦੇ ਪੰਜਾਬ ਆਉਣਾ ਨਾਵਲ ਨੂੰ ਆਦਰਸ਼ਵਾਦੀ ਕਿਸਮ ਦੇ ਸੁਖਾਂਤਕ ਅੰਤ ਨਾਲ ਜੋੜਦੇ ਬਿਰਤਾਂਤਕੀ ਪਾਠ ਹਨ। ਨਾਵਲ ਦਾ ਵਾਪਰਨ ਕਾਲ ਇੱਕੀਵੀਂ ਸਦੀ ਦਾ ਦੂਜਾ ਦਹਾਕਾ ਹੈ, ਜਿਸ ਦੌਰ ਨੂੰ ਸੂਚਨਾ ਸੰਚਾਰ ਦੀ ਕ੍ਰਾਂਤੀ ਵਜੋਂ ਤਸਲੀਮ ਕੀਤਾ ਜਾਂਦਾ ਹੈ, ਪਰ ਨਾਵਲ ਦੇ ਪਾਤਰ ਆਜ਼ਾਦੀ ਪਿੱਛੋਂ ਦੇ ਪੰਜਾਬੀ ਸਮਾਜਿਕ ਮਾਹੌਲ ਵਾਲੇ ਹਨ। ਨਾਵਲ ਦਾ ਵੱਡਾ ਸੂਤਰਧਾਰ ਲੇਖਕ ਖੁਦ ਹੈ, ਜਿਹੜਾ ਪ੍ਰੋ. ਨੰਦਾ ਦੇ ਭੇਖ ਵਿੱਚ ਦੇਸ਼ ਦੀ ਆਜ਼ਾਦੀ ਵਿੱਚ ਹਿੰਦੂ ਰਾਸ਼ਟਰਵਾਦੀਆਂ ਦੇ ਯੋਗਦਾਨ ਨੂੰ ਨਮਸਕਾਰ ਕਰਦਾ ਹੈ, ਪਰ ਨਾਲ ਹੀ ਮੁਸਲਿਮ ਆਗੂਆਂ ਅਤੇ ਕਾਂਗਰਸ ਪਾਰਟੀ ਪ੍ਰਤੀ ਉਲਾਰ ਟਿੱਪਣੀਆਂ ਕਰਦਾ ਹੈ। ਇਸ ਨਾਲ ਸੰਵਾਦ ਦੀ ਥਾਂ ਵਿਰੋਧ ਦੀ ਸਿਆਸਤ ਨਾਵਲੀ ਧਰਾਤਲ 'ਤੇ ਗੂੰਜਦੀ ਹੈ। ਲੇਖਕ ਕੋਲ ਇਤਿਹਾਸ ਦੇ ਸੂਚਨਾਮੁਖੀ ਵਸਤੂ ਵੇਰਵਿਆਂ ਤੋਂ ਲੈ ਕੇ ਸਮਕਾਲ ਤੱਕ ਦੀ ਸੱਤਾ ਸਿਆਸਤ ਵਿਚਲੇ ਵਿਚਾਰਧਾਰਕ ਤਣਾਵਾਂ ਅਤੇ ਟਕਰਾਵਾਂ ਦਾ ਗਿਆਨ ਹੈ, ਪਰ ਨਾਵਲ ਮਹਿਜ਼ ਸੂਚਨਾਵਾਂ ਦੀ ਲੰਮੀ ਬਿਰਤਾਂਤਕ ਲੜੀ ਨਹੀਂ ਹੁੰਦਾ, ਇਹ ਨਾਵਲਕਾਰ ਦੀ ਵਿਲੱਖਣ ਪ੍ਰਤੱਖਣ ਸ਼ਕਤੀ ਨਾਲ ਉਸਰਿਆ ਭਾਸ਼ਾਈ ਪ੍ਰਵਚਨ ਹੁੰਦਾ ਹੈ, ਜਿਸ ਵਿੱਚ ਮਨੁੱਖੀ ਜੀਵਨ ਯਥਾਰਥ ਦਾ ਫੋਟੋਗ੍ਰਾਫਿਕ ਉਤਾਰਾ ਨਹੀਂ, ਸਗੋਂ ਜੀਵਨ ਦੀਆਂ ਜੀਵੰਤ ਸਥਿਤੀਆਂ ਨੂੰ ਕਲਾਤਮਿਕ ਸੁਹਜ ਨਾਲ ਪੇਸ਼ ਕਰਨਾ ਹੀ ਵੱਡੀ ਵੰਗਾਰ ਹੁੰਦਾ ਹੈ। ਧਰਮਪਾਲ ਸਾਹਿਲ ਕੋਲ ਕੰਢੀ ਇਲਾਕੇ ਦੀ ਨਿਵੇਕਲੀ ਭਾਸ਼ਾ ਦਾ ਪ੍ਰਾਣਵੰਤ ਮੁਹਾਵਰਾ ਹੈ, ਪਰ ਇਸ ਨਾਵਲ ਵਿੱਚ ਕੰਢੀ ਦੀ ਭਾਸ਼ਾ ਦਾ ਵੀ ਅਜਿਹਾ ਕੋਈ ਜਲੌਅ ਨਹੀਂ ਮਿਲਦਾ। ਨਾਵਲ ਦੀ ਵਿਧਾ ਨੇ ਮਹਿਜ਼ ਕਥਾ ਕਹਾਣੀ ਸੁਣਾਉਣ ਦੇ ਮਹਾਤਮ ਤੱਕ ਨਹੀਂ ਸਿਮਟਣਾ ਹੁੰਦਾ, ਸਗੋਂ ਇਸ ਨੇ ਆਪਣੇ ਸਰਬਵਿਆਪੀ ਚਰਿੱਤਰ ਨਾਲ ਸਮੂਰਤ ਦ੍ਰਿਸ਼ਾਂ, ਘਟਨਾਵਾਂ, ਸੰਵਾਦ, ਪਾਤਰਾਂ ਦੇ ਵਿਭਿੰਨ ਉਚਾਰ ਅਤੇ ਵਿਚਾਰਾਂ ਦੇ ਮੁੱਠਭੇੜ ਨਾਲ ਆਪਣੀ ਸ਼ਨਾਖਤੀ ਵੰਨ-ਸੁਵੰਨਤਾ ਨੂੰ ਵੀ ਬਰਕਰਾਰ ਰੱਖਣਾ ਹੁੰਦਾ ਹੈ ਅਤੇ ਇਸ ਦਾ ਸਮੁੱਚਾ ਮਾਧਿਅਮ ਭਾਸ਼ਾ ਦਾ ਕਲਾਵੰਤ ਸੰਸਾਰ ਹੈ, ਜਿਸ ਪ੍ਰਤੀ ਬਹੁਤੇ ਨਾਵਲਕਾਰ ਅਵੇਸਲੇ ਰਹਿੰਦੇ ਹਨ। ਮਿਖਾਇਲ ਬਾਖਤਿਨ ਨਾਵਲੀ ਬਿਰਤਾਂਤ ਦੀ ਭਾਸ਼ਾ ਦੇ ਇਸੇ ਬਹੁ ਨਾਦੀ ਜਗਤ ਨੂੰ ਪੋਲੀਫੋਨਿਕ (ਬਹੁਸੁਰਤਾ) ਦੇ ਸੰਕਲਪ ਨਾਲ ਦ੍ਰਿੜ੍ਹ ਕਰਦਾ ਹੈ। ਉਸ ਅਨੁਸਾਰ ਆਵਾਜ਼ਾਂ ਦੀ ਵਿਭਿੰਨਤਾ ਜਾਂ ਵੰਨ-ਸੁਵੰਨਤਾ ਕਰਕੇ ਹੀ ਨਾਵਲੀ ਪ੍ਰਬੰਧ ਅਰਥਵਾਨ, ਸੰਵਾਦੀ ਅਤੇ ਬਹੁ ਸੁਰੀ ਬਣਦਾ ਹੈ। ਸਾਹਿਲ ਦਾ ਨਾਵਲ ਆਪਣੇ ਉਕਤ ਕਲਾ ਦੋਸ਼ਾਂ ਕਰਕੇ ਕਿਸੇ ਕਲਪਨਿਕ ਫਿਲਮੀ ਕਹਾਣੀ ਤੋਂ ਅੱਗੇ ਨਹੀਂ ਤੁਰਦਾ।

ਇਸੇ ਪ੍ਰਸੰਗ ਵਿੱਚ ਨਾਵਲਕਾਰ ਸੁਰਿੰਦਰ ਸਿੰਘ ਨੇਕੀ ਦਾ 1947 ਨਾਲ ਜੁੜਿਆ ਇਕ ਨਾਵਲ 'ਨੋ

20-Aug-Sunday.qxd 8/19/2023 10:33 PM Page 6

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੀ ਚੋਣ 17 ਸਤੰਬਰ ਨੂੰ

ਚੰਡੀਗੜ੍ਹ : ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਅਹੁਦੇਦਾਰਾਂ ਦੀ ਚੋਣ 17 ਸਤੰਬਰ 2023 (ਐਤਵਾਰ) ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਵੇਗੀ। ਮੀਡੀਆ ਨੂੰ ਬਿਆਨ ਜਾਰੀ ਕਰਦਿਆਂ ਪ੍ਰਧਾਨ ਦਰਸ਼ਨ ਬੁੱਟਰ, ਸੀਨੀਅਰ ਮੀਤ ਪ੍ਰਧਾਨ ਜੋਗਾ ਸਿੰਘ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਸ ਦਿਨ ਅਗਲੇ ਤਿੰਨ ਸਾਲਾਂ ਲਈ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਪ੍ਰਧਾਨ (ਇਕ), ਸੀਨੀਅਰ ਮੀਤ ਪ੍ਰਧਾਨ (ਇਕ), ਜਨਰਲ ਸਕੱਤਰ (ਇਕ), ਮੀਤ ਪ੍ਰਧਾਨ (ਪੰਜ ਜਿਨ੍ਹਾਂ ਵਿੱਚ ਇੱਕ ਅਹੁਦਾ ਔਰਤ ਉਮੀਦਵਾਰ ਲਈ ਰਾਖਵਾਂ ਹੈ), ਸਕੱਤਰ (ਚਾਰ ਜਿਨ੍ਹਾਂ ਵਿੱਚੋਂ ਇੱਕ ਅਹੁਦਾ ਔਰਤ ਉਮੀਦਵਾਰ ਲਈ ਰਾਖਵਾਂ ਹੈ) ਦੀ ਚੋਣ ਹੋਵੇਗੀ। ਚੋਣ ਅਧਿਕਾਰੀ ਪ੍ਰੋਫੈਸਰ ਮਨਜੀਤ ਸਿੰਘ ਛਾਬੜਾ ਹੋਣਗੇ।

ਚੋਣ ਲੜਨ ਵਾਲੇ ਚਾਹਵਾਨ ਉਮੀਦਵਾਰ ਆਪਣੇ ਨਾਮਜ਼ਦਗੀ ਪਰਚੇ ਉਪਰੋਕਤ ਚੋਣ ਅਧਿਕਾਰੀ ਕੋਲ 1.9.2023 ਤੋਂ 8.9.2023 ਤੱਕ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 4.00 ਵਜੇ ਪੰਜਾਬੀ ਭਵਨ ਲੁਧਿਆਣਾ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਾਮਜ਼ਦਗੀ ਲਈ ਆਏ ਪਰਚਿਆਂ ਦੀ ਪੜਤਾਲ 9.9.2023 ਨੂੰ ਬਾਅਦ ਦੁਪਹਿਰ 2.00 ਤੋਂ 4.00 ਵਜੇ ਤੱਕ ਹੋਵੇਗੀ ਅਤੇ ਸਹੀ ਪਾਏ ਜਾਣ ਵਾਲੇ ਉਮੀਦਵਾਰਾਂ ਦੇ ਨਾਵਾਂ ਦੀ ਸੂਚੀ ਜਾਰੀ ਕਰ ਦਿੱਤੀ ਜਾਵੇਗੀ। ਇਹਨਾਂ ਵਿੱਚੋਂ ਜਿਹੜੇ ਉਮੀਦਵਾਰ ਚੋਣ ਨਾ ਲੜਨਾ ਚਾਹੁੰਦੇ ਹੋਣ, ਉਹ ਆਪਣੇ ਨਾਂਅ 10.9.2023 ਨੂੰ ਸਵੇਰੇ 9.00 ਤੋਂ ਬਾਅਦ ਦੁਪਹਿਰ 4.00 ਵਜੇ ਤੱਕ ਵਾਪਸ ਲੈ ਸਕਦੇ ਹਨ। ਇਸ ਉਪਰੰਤ ਚੋਣ ਲੜ ਰਹੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਦਿੱਤੀ ਜਾਵੇਗੀ।

ਕੇਂਦਰੀ ਲੇਖਕ ਸਭਾ (ਰਜਿ:) ਦੀ ਕਾਰਜਕਾਰਨੀ ਵੱਲੋਂ ਮੌਜੂਦਾ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕੱਤਰ ਨੂੰ ਚੋਣ ਅਧਿਕਾਰੀ ਨਾਲ ਤਾਲਮੇਲ ਕਾਇਮ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ ਤਾਂ ਕਿ ਚੋਣ ਅਧਿਕਾਰੀ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਚੋਣ ਕਰਵਾ ਸਕੇ।

—ਸੁਖਦੇਵ ਸਿੰਘ ਸਿਰਸਾ

'ਪਸੰਦ ਆਪਣੀ ਆਪਣੀ' ਦਾ ਲੋਕ ਅਰਪਣ

ਰੈਡਿੰਗ-ਪਿਛਲੇ 60-70 ਸਾਲਾਂ ਤੋਂ ਪਹਿਲਾਂ ਪੰਜਾਬ ਅਤੇ ਫਿਰ ਇੰਗਲੈਂਡ ਵਿਚ ਕਵਿਤਾਵਾਂ ਲਿਖ ਰਹੇ (ਉਰਦੂ ਵਿਚ) ਅਤੇ ਬੋਲ ਰਹੇ ਕਵੀ ਤਰਸੇਮ ਲਾਲ ਮਾਲ ਦੀ ਚਾਰ ਭਾਸ਼ੀ ਕਾਵਿ-ਸੰਗ੍ਰਹਿ ਪੁਸਤਕ "ਪਸੰਦ ਆਪਣੀ ਆਪਣੀ" ਦਾ ਪ੍ਰਗਤੀਸ਼ੀਲ ਲੇਖਕ ਸਭਾ ਰੈਡਿੰਗ ਵੱਲੋਂ ਲੋਕ-ਅਰਪਣ ਕੀਤਾ ਗਿਆ। ਇੰਡੀਅਨ ਕਮਿਊਨਿਟੀ ਸੈਂਟਰ ਦੇ ਪ੍ਰਧਾਨ ਹਰੀਸ਼ ਰਾਇਚੁਰਾ ਨੇ ਸੈਂਟਰ ਦੇ ਹਾਲ ਵਿਚ ਹੋਏ ਸਮਾਗਮ ਦਾ ਆਰੰਭ ਸੁਆਗਤੀ ਸ਼ਬਦਾਂ ਨਾਲ ਕੀਤਾ ਅਤੇ ਮਾਸਟਰ ਤਰਸੇਮ ਲਾਲ ਨੂੰ ਰੈਡਿੰਗ ਦਾ ਮਾਣ ਕਿਹਾ ਅਤੇ ਉਹਨਾਂ ਦੀ ਲੰਮੀ ਉਮਰ ਤੇ ਕਲਮ ਲਈ ਸ਼ੁੱਭ-ਇੱਛਾਵਾਂ ਦਿੱਤੀਆਂ (ਕਵੀ ਦੀ ਉਮਰ ਇਸ ਵੇਲੇ 94 ਸਾਲ ਹੈ)। ਪੁਸਤਕ ਬਾਰੇ ਪਰਚਾ ਗੁਰਨਾਮ ਕੰਵਰ ਨੇ ਪੇਸ਼ ਕੀਤਾ। ਉਹਨਾਂ "ਪਸੰਦ ਆਪਣੀ ਆਪਣੀ" ਨੂੰ ਸਭਨਾਂ ਦੀ ਪਸੰਦ ਕਿਹਾ। ਮਾਸਟਰ ਤਰਸੇਮ ਜੀ ਇਸ ਤੋਂ ਪਹਿਲਾਂ "ਮਹਿਕ", "ਧਰਮਾਤਮਾ" ਅਤੇ "ਮੇਰੀ ਹਯਾਤ" ਪੁਸਤਕਾਂ ਨਾਲ ਇੰਗਲੈਂਡ ਦੇ ਸਾਹਿਤਕ ਹਲਕਿਆਂ ਵਿਚ ਧਾਕ ਪਾ ਚੁੱਕੇ ਹਨ। ਕੰਵਰ ਨੇ ਖਾਸ ਕਰਕੇ ਜਨਰਲ ਸਕੱਤਰ ਪਵਿੱਤਰ ਸਿੰਘ ਕੁਲਰੀਆ ਅਤੇ ਨਿਰਵੈਰ ਸਿੰਘ ਚਕਲ ਨਾਲ ਮਿਲ ਕੇ ਰੈਡਿੰਗ ਵਿਚ ਪ੍ਰਗਤੀਸ਼ੀਲ ਲੇਖਕ ਸਭਾ ਨੂੰ ਮੁੜ ਸੁਰਜੀਤ ਕਰਨ ਲਈ ਮਾਸਟਰ ਜੀ ਨੂੰ ਵਧਾਈ ਦਿੱਤੀ। ਸੰਤੋਖ ਸਿੰਘ ਅਤੇ ਨਰਿੰਦਰ ਪੰਧੇਰ ਦੇ ਦਿਹਾਂਤ ਅਤੇ ਹਰਜੀਤ ਦੌਧਰੀਆ ਦੇ ਕੈਨੇਡਾ ਤੁਰ ਜਾਣ ਮਗਰੋਂ ਸਭਾ ਬੇਜਾਨ ਹੋਈ ਪਈ ਸੀ।

ਨਿਰਵੈਰ ਸਿੰਘ ਚੱਕਲ ਨੇ ਮਾਸਟਰ ਜੀ ਨੂੰ ਇਸ ਚੌਥੀ ਕਿਤਾਬ ਉੱਤੇ ਮੁਬਾਰਕਬਾਦ ਦਿੱਤੀ, ਜਿਹੜੀ ਇਕੋ ਪੁਸਤਕ ਵਿਚ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿਚ ਕਵਿਤਾਵਾਂ ਪੇਸ਼ ਕਰਦੀ ਹੈ। ਮਾਸਟਰ ਤਰਸੇਮ ਲਾਲ ਮਾਲ ਨੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਪਵਿੱਤਰ ਸਿੰਘ ਨੇ ਕੀਤਾ।

-ਗੁਰਨਾਮ ਕੰਵਰ

'ਪੌੜੀਆਂ ਉਤਰਦੀ ਛਾਂ' 'ਤੇ ਵਿਚਾਰ-ਚਰਚਾ ਤੇ ਕਵੀ ਦਰਬਾਰ

ਖਰੜ-ਸਾਹਿਤਕ ਮੰਚ, ਖਰੜ ਵੱਲੋਂ ਸੀਨੀਅਰ ਸਿਟੀਜ਼ਨ ਕੌਂਸਲ ਖਰੜ ਵਿਖੇ ਉੱਘੇ ਕਵੀ ਜਗਦੀਪ ਸਿੱਧੂ ਦੀ ਕਾਵਿ-ਕਿਤਾਬ "ਪੌੜੀਆਂ ਉਤਰਦੀ ਛਾਂ" ਬਾਰੇ ਵਿਚਾਰ ਚਰਚਾ ਕਰਵਾਈ ਗਈ। ਇਸ ਸਮਾਗਮ ਦੀ ਪ੍ਰਧਾਨਗੀ ਉੱਘੇ ਵਿਦਵਾਨ ਆਲੋਚਕ ਡਾ. ਲਾਭ ਸਿੰਘ ਖੀਵਾ ਵੱਲੋਂ ਕੀਤੀ ਗਈ, ਜਿਸ ਵਿੱਚ ਡਾ. ਸੰਜੀਵ ਕੁਮਾਰ ਉਪ ਮੰਡਲ ਮੈਜਿਸਟਰੇਟ ਖਮਾਣੋਂ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਸਭ ਤੋਂ ਪਹਿਲਾਂ ਮੰਚ ਦੇ ਪ੍ਰਧਾਨ ਕਾਲਮ ਨਵੀਸ ਤਰਸੇਮ ਬਸਰ ਨੇ ਸਭ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਤੋਂ ਬਾਅਦ ਜਗਦੀਪ ਸਿੱਧੂ ਨੇ ਆਪਣੀਆਂ ਕਵਿਤਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਵਿਚਾਰ ਚਰਚਾ ਦਾ ਆਰੰਭ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋਫੈਸਰ, ਆਲੋਚਕ ਡਾ. ਪ੍ਰਵੀਨ ਕੁਮਾਰ ਨੇ ਕੀਤਾ। ਉਹਨਾਂ ਕਿਹਾ ਕਿ ਜਗਦੀਪ ਦੀ ਕਵਿਤਾ ਜ਼ਿੰਦਗੀ ਦੀ ਕਿਸੇ ਆਸ ਨਾਲ ਬੱਝੀ ਕਵਿਤਾ ਹੈ। ਇਹ ਕਵਿਤਾ ਇਕ ਨਵੀਂ ਵਿਚਾਰਧਾਰਾ ਪੈਦਾ ਕਰਦੀ ਹੈ। ਉਹਨਾਂ ਅੱਗੇ ਕਿਹਾ ਕਿ ਇਹਨਾਂ ਕਵਿਤਾਵਾਂ ਵਿਚ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਛੋਟੇ-ਛੋਟੇ ਬਿਰਤਾਂਤ ਸਾਹ ਲੈਂਦੇ ਨੇ।

ਸਤਨਾਮ ਸਿੰਘ ਸੋਕਰ ਨੇ ਇਸ ਕਿਤਾਬ ਦੇ ਮਰਮ ਬਾਰੇ ਬੋਲਦਿਆਂ ਕਿਹਾ ਕਿ ਇਹ ਕਵਿਤਾਵਾਂ ਤੁਹਾਨੂੰ ਟੁੰਬਦੀਆਂ ਹੋਈਆਂ ਕਿਸੇ ਹੋਰ ਹੀ ਸੰਸਾਰ ਵਿਚ ਲੈ ਜਾਂਦੀਆਂ ਹਨ, ਜਿੱਥੇ ਮੁਹੱਬਤ ਹੈ, ਆਸ ਹੈ, ਧਰਵਾਸ ਹੈ, ਬਚਪਨ ਤੇ ਬੁਢਾਪਾ ਹੈ।

ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਕਿਤਾਬ ਦੀਆਂ ਚੁਹੱਤਰ ਕਵਿਤਾਵਾਂ ਸਿਰਜਣਾ ਨੇ ਘਾੜਤ ਨਹੀਂ। ਇਹਨਾਂ ਸਾਰੀਆਂ ਕਵਿਤਾਵਾਂ ਵਿਚ ਡੂੰਘੀ ਕਾਵਿਕਤਾ ਤੇ ਸੰਵੇਦਨਾ ਪਈ ਹੈ। ਇਹ ਕਵੀ ਸੂਖਮਤਾ ਤੋਂ ਸੂਖਮਤਾ ਕੱਢਦਾ ਹੈ। ਉਹਨਾਂ ਅੱਗੇ ਕਿਹਾ ਕਿ ਜਗਦੀਪ ਨਵੇਂ ਸਮੇਂ ਅਨੁਸਾਰ ਨਵੇਂ-ਨਵੇਂ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ।

ਆਖਰ ਵਿਚ ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਸੰਜੀਵ ਕੁਮਾਰ ਐੱਸ.ਡੀ.ਐੱਮ ਖਮਾਣੋਂ ਨੇ ਕਿਹਾ ਕਿ ਮੈਂ ਇਸ ਕਿਤਾਬ ਤੋਂ ਪ੍ਰਭਾਵਿਤ ਹੋਇਆ ਹਾਂ, ਇਹ ਜੀਵਨ ਦੀ ਸਮੁੱਚਤਾ ਦੀਆਂ ਕਵਿਤਾਵਾਂ ਨੇ। ਅੰਤਰਰਾਸ਼ਟਰੀ ਅਲਗੋਜ਼ਾਵਾਦਕ ਕਰਮਜੀਤ ਸਿੰਘ ਬੱਗਾ ਨੇ ਆਪਣੇ ਫਨ ਦਾ ਮੁਜ਼ਾਹਰਾ ਕਰਦਿਆਂ ਕਾਵਿਮਈ ਵਾਤਾਵਰਣ ਨੂੰ ਸੰਗੀਤਕ ਰੰਗਤ ਵਿੱਚ ਰੰਗ ਦਿੱਤਾ। ਇਸ ਮੌਕੇ 'ਪ੍ਰੀਤਲੜੀ' ਮੈਗਜ਼ੀਨ ਦਾ ਤਾਜ਼ਾ ਅੰਕ ਵੀ ਰਿਲੀਜ਼ ਕੀਤਾ ਗਿਆ।

ਸਮਾਗਮ ਦੇ ਦੂਜੇ ਦੌਰ ਵਿੱਚ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਹਾਜ਼ਰ ਕਵੀਆਂ ਨੇ ਸ਼ਿਰਕਤ ਕੀਤੀ। ਮੰਚ ਸੰਚਾਲਨ ਸਰਜੀਤ ਸਮਨ ਵੱਲੋਂ ਬਾਖੂਬੀ ਨਿਭਾਇਆ ਗਿਆ।

'ਅੰਗਰੇਜੋ ਦਾ ਲਾਡਲਾ' ਲੋਕ ਅਰਪਣ

ਪਟਿਆਲਾ-ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਿਖੇ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਡਾ. ਦਰਸ਼ਨ ਸਿੰਘ 'ਆਸ਼ਟ', ਵਿਸ਼ਾਲ, ਰਿਪੁਦਮਨ ਸਿੰਘ ਸ਼ਾਮਲ ਸਨ।

ਸਮਾਗਮ ਦੇ ਆਰੰਭ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਵੱਡੀ ਗਿਣਤੀ ਵਿਚ ਪੁੱਜੇ ਲਿਖਾਰੀਆਂ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸੁਆਗਤ ਕਰਦਿਆਂ ਕਿਹਾ ਕਿ ਪੰਜਾਬੀ ਸਾਹਿਤ ਸਭਾ ਪਟਿਆਲਾ ਬੱਚਿਆਂ ਦੇ ਸਾਹਿਤ ਦੇ ਨਾਲ-ਨਾਲ ਪ੍ਰੌੜ੍ਹ ਸਾਹਿਤ ਪ੍ਰਤੀ ਵੀ ਜਾਗ੍ਰਤੀ ਪੈਦਾ ਕਰਕੇ ਮਾਂ ਬੋਲੀ ਪੰਜਾਬੀ ਦੀ ਅਹਿਮੀਅਤ ਨੂੰ ਫੈਲਾ ਰਹੀ ਹੈ। ਵਿਸ਼ਾਲ ਨੇ ਵਰਤਮਾਨ ਪੰਜਾਬੀ ਸਾਹਿਤ ਵਿਚ ਆ ਰਹੇ ਸੰਕਟਾਂ ਤੇ ਚੁਣੌਤੀਆਂ ਬਾਰੇ ਮੁੱਲਵਾਨ ਚਰਚਾ ਕਰਦਿਆਂ ਇਕ ਭਾਵਪੂਰਤ ਨਜ਼ਮ ਪੇਸ਼ ਕੀਤੀ। ਰਿਪੁਦਮਨ ਸਿੰਘ ਨੇ ਕਿਹਾ ਕਿ ਸਭਾ ਵੱਲੋਂ ਅਜਿਹੇ ਸਮਾਗਮਾਂ ਵਿੱਚ ਵਿਦਿਆਰਥੀਆਂ ਨੂੰ ਸ਼ਾਮਲ ਕਰਨਾ ਪੰਜਾਬੀ ਸਾਹਿਤ, ਸਿੱਖਿਆ ਤੇ ਭਾਸ਼ਾ ਲਈ ਗੌਰਵ ਦੀ ਗੱਲ ਹੈ। ਡਾ. ਤਰਲੋਚਨ ਕੌਰ ਦਾ ਮੱਤ ਸੀ ਕਿ ਸਾਹਿਤਕਾਰ ਦੀ ਲੇਖਣੀ ਵਿੱਚੋਂ ਸਮਾਜ ਦੀ ਵਾਸਤਵਿਕ ਤਸਵੀਰ ਨਜ਼ਰ ਆਉਂਦੀ ਹੈ।

ਰਘਬੀਰ ਸਿੰਘ ਮਹਿਮੀ ਦੀ ਵਿਦਿਆਰਥੀ ਕਾਲ ਦੀ ਸਵੈਜੀਵਨੀ ਦਾ ਪਹਿਲਾ ਭਾਗ 'ਅੰਗਰੇਜੋ ਦਾ ਲਾਡਲਾ' ਦਾ ਲੋਕ ਅਰਪਣ ਕੀਤਾ ਗਿਆ, ਜਿਸ ਬਾਰੇ ਡਾ. ਸੰਤੋਖ ਸਿੰਘ ਸੁੱਖੀ ਨੇ ਵਿਚਾਰਧਾਰਕ ਮੱਤ ਪੇਸ਼ ਕੀਤਾ ਕਿ ਮਹਿਮੀ ਦੀ ਇਹ ਸਵੈ ਜੀਵਨੀ ਉਸ ਦੀ ਸੰਘਰਸ਼ਮਈ ਦਾਸਤਾਨ ਦਾ ਦੂਜਾ ਨਾਂਅ ਹੈ, ਜਦੋਂ ਕਿ ਹਰਸਿਮਰਨ ਕੌਰ, ਪ੍ਰਤਾਪ ਸਿੰਘ, ਡਾ. ਹਰਪ੍ਰੀਤ ਸਿੰਘ ਰਾਣਾ, 'ਅੱਖਰ' ਰਸਾਲੇ ਦੇ ਸਰਪ੍ਰਸਤ ਡਾ. ਵਿਕਰਮਜੀਤ, ਬਾਬੂ ਸਿੰਘ ਰੈਹਲ, ਡਾ. ਜੀ.ਐੱਸ. ਆਨੰਦ ਅਤੇ ਬਲਵਿੰਦਰ ਸਿੰਘ ਭੱਟੀ ਆਦਿ ਨੇ ਇਸ ਪੁਸਤਕ ਨੂੰ ਮਿਆਰੀ ਬਾਲ ਸਾਹਿਤ ਦੇ ਮਾਡਲ ਨਾਲ ਤੁਲਨਾ ਦਿੰਦੇ ਹੋਏ ਵੱਖ-ਵੱਖਾਂ ਬਾਰੇ ਚਰਚਾ ਕੀਤੀ। ਰਘਬੀਰ ਸਿੰਘ ਮਹਿਮੀ ਨੇ ਆਪਣੀ ਰਿਲੀਜ਼ ਹੋਈ ਪੁਸਤਕ ਦੀ ਰਚਨਾ ਪ੍ਰਕਿਰਿਆ ਬਾਰੇ ਵਿਚਾਰ ਸਾਂਝੇ ਕੀਤੇ ਤੇ ਤਰੰਨੁਮ ਵਿਚ ਗੀਤ ਵੀ ਪੇਸ਼ ਕੀਤਾ।

ਇਸ ਸਮਾਗਮ ਵਿੱਚ ਸੁਰਜੀਤ ਸਿੰਘ ਮਾਧੋਪੁਰੀ ਦੇ ਉਚੇਚੇ ਸਹਿਯੋਗ ਨਾਲ ਜ਼ਿਲ੍ਹਾ ਪਟਿਆਲਾ ਦੇ ਸਾਲ 2023 ਦੀਆਂ ਬੋਰਡ ਦੀਆਂ ਵੱਖ-ਵੱਖ ਪ੍ਰੀਖਿਆਵਾਂ ਵਿੱਚੋਂ ਟਾਪਰ ਰਹਿਣ ਦੇ ਨਾਲ-ਨਾਲ ਪੰਜਾਬੀ ਵਿਸ਼ੇ ਵਿੱਚੋਂ ਵੀ ਸੌ ਫੀਸਦੀ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

—ਦਵਿੰਦਰ ਪਟਿਆਲਵੀ

ਅਰਪਨ ਲਿਖਾਰੀ ਸਭਾ ਦੀ ਮੀਟਿੰਗ

ਕੈਲਗਰੀ-ਅਰਪਨ ਲਿਖਰੀ ਸਭਾ ਦੀ ਮਹੀਨਾਵਾਰ ਇਕੱਤਰਤਾ ਡਾ. ਜੋਗਾ ਸਿੰਘ ਸਹੋਤਾ, ਡਾ. ਸੁਰਜੀਤ ਸਿੰਘ ਭੱਟੀ ਅਤੇ ਕੇਸਰ ਸਿੰਘ ਨੀਰ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਹੋਈ। ਜਸਵੰਤ ਸਿੰਘ ਸੇਖੋਂ ਨੇ ਆਏ ਹੋਏ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਆਖਦਿਆਂ ਖੁਸ਼ੀਆਂ-ਗਮੀਆਂ ਦੀਆਂ ਖ਼ਬਰਾਂ ਸਾਂਝੀਆਂ ਕੀਤੀਆਂ। ਸੁਰਿੰਦਰ ਸਿੰਘ ਨੇਕੀ ਦੇ ਕੈਲਗਰੀ ਪਹੁੰਚਣ 'ਤੇ ਉਨ੍ਹਾਂ ਨੂੰ ਜੀ ਆਇਆਂ ਕਹਿੰਦਿਆਂ ਉਨ੍ਹਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਪ੍ਰੀਤਸਾਗਰ ਸਿੰਘ ਧਵਨ ਵੱਲੋਂ ਆਪਣੀ ਇੱਕ ਕਵਿਤਾ ਨਾਲ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ ਗਈ। ਸੁਰਿੰਦਰ ਕੌਰ ਕੈਂਥ ਨੇ ਤੀਆਂ ਦੇ ਗੀਤ ਗਾ ਕੇ ਮਹੌਲ ਨੂੰ ਰੰਗਲਾ ਬਣਾ ਦਿੱਤਾ। ਸੁਰਿੰਦਰ ਸਿੰਘ ਨੇਕੀ ਨੇ ਆਪਣਾ ਨਵਾਂ ਛਪਿਆ ਨਾਵਲ ਸਭਾ ਨੂੰ ਭੇਟ ਕੀਤਾ।

ਸਤਨਾਮ ਸਿੰਘ ਢਾਅ ਨੇ 15 ਅਗਸਤ ਨੂੰ ਆਜ਼ਾਦੀ ਦਿਵਸ ਦੀ ਗੱਲ ਕਰਦਿਆਂ ਆਖਿਆ ਕਿ ਜਿੱਥੇ ਆਜ਼ਾਦੀ ਮਿਲੀ ਦੀ ਖੁਸ਼ੀ ਹੈ, ਉੱਥੇ ਸਾਨੂੰ ਉਸ ਉਜਾੜੇ ਅਤੇ ਜਾਨੀ ਨੁਕਸਾਨ ਦਾ ਕਦੇ ਨਾ ਭੁੱਲਣ ਵਾਲਾ ਦੁੱਖ ਵੀ ਹੈ। ਡਾ. ਜੋਗਾ ਸਿੰਘ ਨੇ ਆਏ ਹੋਏ ਸਾਰੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।

—ਸਤਨਾਮ ਢਾਅ

'ਖਾਰਾ ਪਾਣੀ' 'ਤੇ ਵਿਚਾਰ-ਚਰਚਾ

ਅੰਮ੍ਰਿਤਸਰ-ਜਨਵਾਦੀ ਲੇਖਕ ਸੰਘ ਅਤੇ ਅੰਮ੍ਰਿਤਸਰ ਸਰਹੱਦੀ ਸਾਹਿਤ ਸਭਾ ਵੱਲੋਂ ਮਨਮੋਹਨ ਸਿੰਘ ਬਾਸਰਕੇ ਦਾ ਨਵ-ਪ੍ਰਕਾਸ਼ਿਤ ਨਾਵਲ "ਖਾਰਾ ਪਾਣੀ" 'ਤੇ ਵਿਚਾਰ ਚਰਚਾ ਕਰਵਾਈ ਗਈ। ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਹੋਏ ਇਸ ਅਦਬੀ ਸਮਾਗਮ ਦਾ ਆਗਾਜ਼ ਪ੍ਰਤੀਕ ਸਹਿਦੇਵ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਸਮਾਗਮ ਨੂੰ ਤਰਤੀਬ ਦਿੰਦਿਆਂ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਮਨਮੋਹਨ ਬਾਸਰਕੇ ਬਹੁਵਿਧਾਈ ਲੇਖਕ ਹਨ। ਇਹ ਨਾਵਲ ਉਹਨਾਂ ਦੀ ਮਹੱਤਵਪੂਰਨ ਕਿਰਤ ਹੈ। ਚਰਚਾ ਦਾ ਆਗਾਜ਼ ਕਰਦਿਆ ਸ਼ਾਇਰ ਮਲਵਿੰਦਰ ਨੇ ਕਿਹਾ ਕਿ ਚਰਚਾ ਅਧੀਨ ਨਾਵਲ ਬਹੁਤ ਹੀ ਦਿਲਚਸਪ ਅਤੇ ਰੌਚਕ ਹੈ। ਨਾਵਲ ਪਾਠਕ ਦੀ ਰੌਚਕਤਾ ਬਰਕਰਾਰ ਰੱਖਦਾ ਹੈ। ਡਾ. ਹੀਰਾ ਸਿੰਘ ਪ੍ਰੋ. ਖਾਲਸਾ ਕਾਲਜ ਨੇ ਗੱਲ ਨੂੰ ਅੱਗੇ ਤੋਰਦਿਆਂ ਕਿਹਾ ਕਿ ਨਾਵਲ ਵਿੱਚ ਫੌਜੀ ਪਰਵਾਰ ਦੀਆਂ ਆਰਥਿਕ, ਸਮਾਜਿਕ ਅਤੇ ਪਰਵਾਰਕ ਦੁਸ਼ਵਾਰੀਆਂ ਨੂੰ ਰੂਪਮਾਨ ਕੀਤਾ ਗਿਆ ਹੈ, ਜਿਹੜੇ ਸਾਰੀ ਉਮਰ ਸੰਘਰਸ਼ ਕਰਦਿਆਂ ਚੁਣੌਤੀਪੂਰਨ ਜੀਵਨ ਹੰਡਾਉਂਦੇ ਹਨ। ਦਿਲਜੀਤ ਸਿੰਘ ਬੇਦੀ ਅਤੇ ਨਿਰਮਲ ਅਰਪਣ ਨੇ ਕਿਹਾ ਕਿ ਨਾਵਲ ਦੇ ਕਥਾਨਕ ਹਵਾਲਿਆਂ ਦੇ ਨਾਲ-ਨਾਲ ਇਲਾਕੇ ਦੀ ਭੂਗੋਲਿਕ ਅਤੇ ਇਤਿਹਾਸਕ ਸਥਿਤੀਆਂ ਨੂੰ ਵੀ ਬਿਆਨ ਕੀਤਾ ਗਿਆ ਹੈ। ਡਾ. ਭੁਪਿੰਦਰ ਸਿੰਘ ਫੇਰੂਮਾਨ ਅਤੇ ਡਾ. ਮੋਹਨ ਬੇਗੋਵਾਲ ਨੇ ਲੇਖਕ ਤੋਂ ਇੱਕ-ਦੋ ਥਾਂ ਹੋਈਆਂ ਉਕਾਈਆਂ ਦਾ ਜ਼ਿਕਰ ਕਰਨ ਦੇ ਨਾਲ ਇਸ ਨਾਵਲ ਨੂੰ ਵਧੀਆ ਨਾ

ਮਲਵਿੰਦਰ ਦੀਆਂ ਕੁਝ ਕਵਿਤਾਵਾਂ

ਮੇਰਾ ਮਨ ਲਾਹੌਰ ਜਾਣ ਨੂੰ ਕਰਦਾ ਹੈ

ਮੇਰਾ ਦਾਦਾ ਲਾਹੌਰ ਤੋਂ ਨਹੀਂ ਸੀ ਆਇਆ
ਵਾਹਗੇ ਪਾਰੋਂ
ਮੇਰੇ ਬਾਪ ਨੂੰ ਉਂਗਲ ਲਾਈ
ਆਬਾਦ ਹੋਈਆਂ ਬਾਰਾਂ 'ਚੋਂ
ਹੱਲਿਆਂ ਦਾ ਝੰਬਿਆ
ਇੱਕ ਮਜ਼ਦੂਰ ਪਰਤਿਆ ਸੀ
ਪਰ ਮੇਰਾ ਦਿਲ
ਲਾਹੌਰ ਜਾਣ ਨੂੰ ਕਰਦਾ ਹੈ

ਮੇਰਾ ਦਾਦਾ
ਸਵਤੰਤਰਤਾ ਸੰਗਰਾਮੀਂ ਨਹੀਂ ਸੀ
ਸੰਗਰਾਮ ਦੀ ਜਿੱਤ ਦਾ ਲਿਤਾੜਿਆ
ਹੰਭਿਆ-ਹਾਰਿਆ ਕਾਫ਼ਲਿਆਂ ਦੇ ਨਾਲ
ਆਬਾਦ ਹੋਈਆਂ ਬਾਰਾਂ ਵਿਚੋਂ ਪਰਤਿਆ
ਇੱਕ ਮਜ਼ਦੂਰ ਸੀ
ਪਰ ਮੇਰਾ ਦਿਲ ਲਾਹੌਰ ਜਾਣ ਨੂੰ ਕਰਦਾ ਹੈ

ਦਾਦਾ, ਬਾਪ, ਬਾਰਾਂ ਤੇ ਉਜਾੜਾ
ਅਜ਼ਾਦੀ ਦੀ ਜਿੱਤ ਦੇ ਸਦਮੇ ਹਨ
ਮੇਰੇ ਪੰਜਾਬ ਦੇ ਮੱਥੇ 'ਤੇ ਸਜਾਏ
ਆਜ਼ਾਦੀ ਦੇ ਲਹੂ ਭਿੱਜੇ ਤਮਗੇ ਹਨ
ਪਰ ਮੇਰਾ ਦਿਲ ਲਾਹੌਰ ਜਾਣ ਨੂੰ ਕਰਦਾ ਹੈ

ਅਲਵਿਦਾ ਐ ਵਤਨ

ਹਿੰਦੋਸਤਾਨ, ਪਾਕਿਸਤਾਨ, ਬੰਗਲਾਦੇਸ਼
ਮੁੱਕੀ ਨਾ ਅਜੇ ਹਿਰਸ ਟੋਟੇ ਕਰਨ ਦੀ
ਪ੍ਰੇਸ਼ਾਨ ਸਾਰੇ ਤਾਨ, ਦੇਸ਼ ਜੂਝ ਰਹੇ
ਦੇਸ਼ਾਂ ਅੰਦਰ ਦੇਸ਼ ਹੋਰ ਆਕਾਰ ਲੈ ਰਹੇ

ਭਾਸ਼ਾ ਵਿਸਰ ਰਹੀ
ਮਜ਼ਹਬ ਅੰਗੜਾਈ ਲੈ ਰਹੇ
ਭਾਸ਼ਾ ਆਧਾਰ ਹੁੰਦੀ
ਭੂਗੋਲਿਕ ਵਲਗਣਾਂ ਦੀ ਚਹੇਤੀ
ਗਲੋਬਲੀ ਵਿਸਥਾਰ ਵਿਚ ਫੈਲ ਰਹੀ

ਡਰ, ਖ਼ੌਫ਼, ਸੰਸੇ, ਬੇਭਰੋਸਗੀ
ਜੇ ਮੇਰੇ ਵਤਨ ਦੇ ਨਕਸ਼ ਹਨ
ਤਾਂ ਅਲਵਿਦਾ ਐ ਵਤਨ

ਕਸ਼ਮੀਰ

ਕਲਿੱਕ-ਕਲਿੱਕ ਦੇ ਰੌਲ਼ੇ 'ਚ
ਜਿਨਾਂ ਤੈਨੂੰ ਸਾਂਭਿਆ
ਉਸ ਨਾਲੋਂ ਕਿਤੇ ਵੱਧ ਤੂੰ
ਬਾਹਰ ਰਹਿ ਗਿਆ
ਤੂੰ ਅਖ਼ਬਾਰਾਂ, ਚੈਨਲਾਂ 'ਤੇ ਪਰਚਾਰੇ ਜਾਂਦੇ
ਖ਼ੌਫ਼ ਵਰਗਾ ਵੀ ਨਹੀਂ ਹੈਂ
ਸੁਪਨਿਆਂ 'ਚ ਜਾਗ ਰਹੇ
ਸਵਰਗ ਵਰਗਾ ਵੀ ਨਹੀਂ
ਬਾਹਰੋਂ ਵੇਖਿਆਂ ਤੂੰ
ਮੇਰੇ ਪਿੰਡ, ਸ਼ਹਿਰ ਜਿੰਨਾ ਸਹਿਜ ਹੈਂ
ਅੰਦਰ ਜਾਂਦੇ ਤੇਰੇ ਰਾਹ
ਰਹੱਸ ਨਾਲ ਭਰੇ ਹੋਏ
ਤੇਰੇ ਅੰਦਰ ਬੱਝੀਆਂ ਗੰਢਾਂ
ਵਿਸ਼ਵਾਸ ਨੂੰ ਪਈ ਗੁੰਝਲ ਵਰਗੀਆਂ

ਤੇਰੀ ਹੱਸਦੀ ਜਿਊਂਦੀ ਜ਼ਿੰਦਗੀ ਦੇ ਕੋਲ਼
ਡੱਲ਼ ਝੀਲ ਉਦਾਸ ਹੈ
ਤੂੰ ਉਦਾਸ ਪਾਣੀਆਂ 'ਤੇ ਤੈਰਦਾ
ਜ਼ਖ਼ਮੀ ਸੁਪਨਾ ਹੈਂ

ਕਰਤਾਰਪੁਰ

ਗੋਸ਼ਟ, ਸੰਵਾਦ ਰਚਾ
ਚੌਥੀ ਉਦਾਸੀ ਤੋਂ ਪਰਤਿਆ
ਬਾਬਾ ਨਾਨਕ
ਕਿਰਤ ਲਈ ਕਰਤਾਰਪੁਰ ਟਿਕ ਗਿਆ
ਕਿਰਤ ਸ਼ਬਦਾਂ 'ਚ ਨਹੀਂ ਹੁੰਦੀ
ਹੱਥਾਂ 'ਚ ਹੁੰਦੀ
ਕਿਰਤ ਬੋਣੀ ਪੈਂਦੀ
ਸਾਂਭਣੀ ਪੈਂਦੀ
ਪਾਲਣੀ ਪੈਂਦੀ
ਵੰਡਣੀ ਪੈਂਦੀ
ਜਪਣੀ ਪੈਂਦੀ
ਕਿਰਤ ਦਾ ਹੋਕਾ ਦਿੰਦੀ ਭੋਇੰ
ਸਰਹੱਦੋਂ ਪਾਰ ਰਹਿ ਗਈ
ਦਰਸ਼ਨ ਕਰਨ ਦੀ ਅਭਿਲਾਸ਼ਾ
ਅਰਦਾਸ ਹੋ ਗਈ
ਕੁਝ ਨੇਕ ਰੂਹਾਂ ਦਾ ਉਪਰਾਲਾ
ਨਾਨਕ ਦੇ ਦਰਬਾਰ ਨੂੰ ਜਾਂਦਾ
ਇੱਕ ਲਾਂਘਾ ਸਵੀਕਾਰ ਹੋ ਗਿਆ
ਉਹ ਲਾਂਘਾ ਕਿਸੇ ਧਾਮ ਨੂੰ ਜਾਂਦਾ
ਜਾਪ ਕਰਦਾ ਰੂਹਾਨੀ ਰਾਹ ਨਹੀਂ
ਇੱਕ ਅੰਤਰਰਾਸ਼ਟਰੀ ਸਰਹੱਦ ਟੱਪਦਾ
ਕਠਿਨ ਪ੍ਰੀਖਿਆ 'ਚੋਂ ਲੰਘਦਾ
ਸ਼ੱਕ-ਸੁਭ੍ਹਾ ਨਾਲ ਭਰਿਆ
ਆਸਥਾ ਨੂੰ ਵਲੂੰਧਰਦਾ
ਖ਼ੌਫ਼ ਦਾ ਮਾਰਗ ਹੈ

ਇਹ ਮਾਰਗ
ਸ਼ਰਧਾਲੂਆਂ ਲਈ ਖੁੱਲ੍ਹਿਆ ਹੈ
ਕਵਿਤਾ ਲਈ ਬੰਦ ਹੈ।
ਕਵਿਤਾ ਸੰਦੇਹ ਵਿੱਚ ਹੈ

ਵਿਦਰੋਹਾਂ ਦਾ ਇਤਿਹਾਸ

ਤਬਦੀਲੀ ਲੋਕਾਂ ਦਾ ਸੁਪਨਾ ਸੀ
ਸੁਪਨਾ ਸੱਚ ਹੋਇਆ
ਲੋਕ ਸਹਿਜ ਹੋਣ ਲੱਗੇ
ਹੌਲੀ-ਹੌਲੀ
ਤਬਦੀਲੀ ਸਥਾਪਤੀ ਵੱਲ ਵਧਣ ਲੱਗੀ
ਸੁਪਨਾ ਤਿੜਕਣ ਲੱਗਾ
ਲੋਕ ਬਹਿਸ ਕਰਨ ਲੱਗੇ
ਬਹਿਸ ਧੜਿਆਂ 'ਚ ਵੰਡੀ ਗਈ
ਧੜੇ ਹਿੰਸਕ ਹੋ ਗਏ
ਚਿੰਤਕ ਫਿਕਰਮੰਦ ਹੋਇਆ
ਵਤਨ ਫਿਰ ਰੋਇਆ
ਇੰਝ ਇਤਿਹਾਸ ਆਪਣੇ ਆਪ ਨੂੰ
ਦੁਹਰਾਉਂਦਾ ਰਿਹਾ
ਲੋਕਾਂ ਦੇ ਸੁਪਨੇ ਟੁੱਟਦੇ ਰਹੇ
ਸਥਾਪਤੀ ਫਲਦੀ ਰਹੀ

ਸਥਾਪਤੀ ਦੀ ਕੁੱਖੋਂ ਜਨਮਦੀ ਹੈ ਅਸਹਿਮਤੀ
ਅਸਹਿਮਤੀ ਦਾ ਬਹੁਵਚਨ ਵਿਦਰੋਹ ਹੁੰਦਾ
ਵਿਦਰੋਹ ਨਵੀਂ ਸਥਾਪਤੀ ਬਣਦੀ
ਨਵੇਂ ਵਿਦਰੋਹ ਨੂੰ ਜਨਮ ਦਿੰਦੀ

ਸਿਰ ਜੁੜਦੇ
ਲੋਕ ਸੰਘਰਸ਼ ਕਰਦੇ
ਸੱਤਾ ਹਾਰਦੀ
ਜਿੱਤ ਲੋਕਾਂ ਦੀ ਹੁੰਦੀ

ਹੰਢ ਗਈ ਪੀੜ੍ਹੀ ਦਾ ਸੰਵਾਦ

ਅਸੀਂ ਕਵਿਤਾਵਾਂ 'ਚ ਪਿਆਰ ਕਰਦੇ
ਸੁਪਨਿਆਂ 'ਚ ਮਹਿਲ ਉਸਾਰਦੇ
ਸਾਹਾਂ 'ਚ ਡਰ ਪਾਲਦੇ ਹਾਂ
ਚਾਰ ਦਹਾਕੇ ਪੁਰਾਣੇ
ਚੁੰਮਣਾਂ ਨਾਲ ਭਰੇ ਖ਼ਤ ਤੇਰੇ
ਮੈਂ ਸਾਂਭ ਕੇ ਰੱਖੇ ਹਨ
ਕਿੰਨੇ ਨਿੱਡਰ ਸਾਂ ਓਦੋਂ
ਕਿੰਨੇ ਡਰੇ-ਡਰੇ ਹਾਂ ਹੁਣ
ਪਰ ਇਹ ਗੱਲ ਆਪਾਂ
ਕਦੀ ਸਾਂਝੀ ਨਹੀਂ ਕੀਤੀ
ਆਪਾਂ ਤੀਜੀ ਪੀੜ੍ਹੀ ਦੀ ਆਮਦ ਦਾ
ਚਾਅ ਸਾਂਝਾ ਕਰਦੇ
ਸ਼ਰਸਾਰ ਹੁੰਦੇ
ਇਹ ਹੰਢ ਗਈ ਪੀੜ੍ਹੀ ਦਾ ਸੰਵਾਦ ਹੈ

ਮੈਂ ਆਪਣਾ ਸਾਰਾ ਪਿਆਰ
ਕਵਿਤਾਵਾਂ 'ਚ ਪਾ ਦਿੱਤਾ ਹੈ
ਜਿਸਮ ਨਫ਼ਰਤ ਨਾਲ ਭਰੇ ਹਨ

ਕਦੀ-ਕਦੀ
ਜਦ ਬਹੁਤ ਉਦਾਸ ਹੋਵਾਂ
ਤੇਰੇ ਹੋਣ ਦਾ ਅਹਿਸਾਸ
ਪਹਿਨ ਲੈਂਦਾ ਹਾਂ

ਗਰਭਵਤੀ ਰੁੱਤਾਂ ਦੀ ਕੁੱਖੋਂ
ਕਿਰੇ ਗੀਤਾਂ ਦੇ ਰੰਗ
ਮੈਂ ਤੈਨੂੰ ਭੇਟ ਕਰਨਾ ਚਾਹੁੰਦਾ ਹਾਂ
ਪਰ ਤੂੰ ਸਵੀਕਾਰ ਨਹੀਂ ਕਰੇਂਗੀ

ਜਿਸ ਮਿਲਣੀ ਵਿਚ
ਕਬੀਲਦਾਰੀ ਦੀਆਂ ਗੱਲਾਂ
ਸਿਰ ਚੜ੍ਹ ਬੋਲਣ
ਚੁੰਮਣ ਖ਼ੁਸ਼ਕ ਹੋਠਾਂ 'ਤੇ
ਚਿਪਕੀ ਚੁੱਪ ਹੋ ਜਾਂਦੇ ਹਨ
ਮੈਂ ਉਸ ਵਿਹਲ ਦੀ ਤਲਾਸ਼ ਵਿਚ ਹਾਂ
ਜੋ ਤੇਰੀਆਂ ਸੋਚਾਂ 'ਚ ਬਿਤਾ ਸਕਾਂ

ਸਿਆਣੀਆਂ ਗੱਲਾਂ ਕਰਦੇ ਲੋਕਾਂ ਕੋਲੋਂ
ਪਿਆਰ ਉੱਠ ਕੇ ਦੂਰ ਚਲੇ ਜਾਂਦਾ ਹੈ

ਪਹਾੜਾਂ ਦੀਆਂ ਢਲਾਣਾਂ

ਚੜ੍ਹਦਿਆਂ, ਉੱਤਰਦਿਆਂ
ਦੂਰ ਆਪਣੇ ਟੱਬਰ 'ਚ ਬੈਠੀ ਵੀ
ਤੂੰ ਮੇਰੇ ਕੋਲ਼ ਹੁੰਦੀ ਏਂ
ਮੇਰੀ ਥਕਾਵਟ ਦੇ ਉੱਖੜਦੇ ਸਾਹਾਂ ਕੋਲ਼
ਕੀ ਯਾਦ ਹੈ ਤੈਨੂੰ
ਆਪਣੀ ਪਹਿਲੀ ਤੇ ਆਖ਼ਰੀ ਮੁਲਾਕਾਤ
ਚਿੱਬ-ਖੜਿੱਬੀਆਂ ਗੱਲਾਂ ਹਨ ਇਹ
ਸਿਰਫ਼ ਸੋਚਣ ਲਈ
ਰਾਤ ਦੇ ਤੀਜੇ ਪਹਿਰ
ਖੁੱਲ੍ਹੀ ਅੱਖ ਕੋਲ਼
ਤ੍ਰਿਪ-ਤ੍ਰਿਪ ਕਵਿਤਾ ਆਉਂਦੀ ਹੈ
ਜਪਾਨੀ ਹਾਇਕੂ ਵਰਗੀ
ਪਰ ਇਸ ਕਵਿਤਾ ਕੋਲ਼ ਤੂੰ ਨਹੀਂ ਹੁੰਦੀ
ਫ਼ਿਕਰਾਂ ਵਰਗੇ ਕੁਝ ਸੰਸੇ ਹੁੰਦੇ

ਉਮਰਾਂ ਦਾ ਸਫ਼ਰ
ਕਵਿਤਾ ਦੇ ਨਕਸ਼ ਬਦਲਦਾ
ਜਿਵੇਂ ਬਦਲ ਗਈ ਏਂ ਤੂੰ
....ਤੇ ਮੈਂ ਵੀ

ਕਵਿਤਾ ਪੜ੍ਹਦਿਆਂ
ਕਵਿਤਾਵਾਂ ਲਿਖੀ ਜਾਣੀਆਂ
ਤੇ ਸੋਚੀ ਜਾਣਾ ਉਨ੍ਹਾਂ ਦਿਨਾਂ ਬਾਰੇ
ਜਦ ਤੂੰ ਕਵਿਤਾਵਾਂ ਨਾਲ਼ ਲੱਦਿਆ
ਭਰਵਾਂ ਬਿਰਖ ਸੀ
ਪੱਤਝੜ ਕਦੀ-ਕਦੀ
ਨਾ ਜਾਣ ਲਈ ਵੀ ਆਉਂਦੀ ਹੈ
ਤੇਰੇ ਵਿਹੜੇ 'ਚ ਵਿਛੀ ਛਾਂ ਦਾ ਰੰਗ
ਉਦਾਸ ਕਿਉਂ ਹੈ
ਤੇਰੇ ਪਹਿਰਾਵੇ ਦੇ ਅਧਿਆਤਮ ਵਰਗਾ

ਟੇਬਲ ਫ਼ੈਨ

ਪਿਤਾ ਬੰਬੇ ਤੋਂ ਨਵਾਂ ਪੱਖਾ ਲਿਆਏ
ਓਦੋਂ ਬੰਬੇ ਹੀ ਸੀ ਮੁੰਬਈ
ਉਹਦੀ ਪਿੱਠ 'ਤੇ ਇੱਕ ਬਟਨ ਸੀ
ਮੇਜ਼ 'ਤੇ ਪਿਆ ਪੱਖਾ
ਬਟਨ ਘੁਮਾਇਆਂ ਖੱਬੇ-ਸੱਜੇ ਘੁੰਮਦਾ
ਦੋਵੇਂ ਪਾਸੇ ਬੈਠੇ ਲੋਕਾਂ ਨੂੰ ਹਵਾ ਦਿੰਦਾ
ਦਾਦਾ ਹੈਰਾਨ ਹੁੰਦਾ
ਸੱਦ ਲਿਆਇਆ ਆਪਣੇ ਕਿਸੇ ਆੜੀ ਨੂੰ
ਬਿਠਾਇਆ ਚਲਦੇ ਪੱਖੇ ਮੂਹਰੇ
'ਵੇਖ ਭਾਈਆ, ਕਿਸੇ ਨਾਲ ਵਿਤਕਰਾ ਨਹੀਂ ਕਰਦਾ
ਸਭ ਨੂੰ ਵਾਰੀ-ਵਾਰੀ ਹਵਾ ਦਿੰਦਾ'
ਆੜੀ ਅਸ਼-ਅਸ਼ ਕਰ ਉੱਠਿਆ
ਮਾਣ ਨਾਲ ਭਰ ਗਿਆ ਦਾਦਾ

ਪੱਖੇ ਹੁਣ ਵੀ ਮਿਲਦੇ ਵੰਨ-ਸਵੰਨੇ
ਟੇਬਲ ਫ਼ੈਨ, ਸੀਲਿੰਗ ਫੈਨ, ਫ਼ਰਾਟਾ
ਪਰ ਦਾਦੇ ਦਾ ਮਾਣ ਬਣਦਾ ਇਕੋ ਸੀ ਉਹ ਪੱਖਾ
ਖੱਬਿਆਂ, ਸੱਜਿਆਂ ਨਾਲ ਕੋਈ ਵਿਤਕਰਾ ਨਾ ਕਰਦਾ
ਹੁਣ ਨਾ ਰਿਹਾ ਉਹ ਪੱਖਾ
ਨਾ ਰਹੀ ਉਹ ਕਵਿਤਾ
ਜਾਤਾਂ, ਧਰਮਾਂ ਤੋਂ ਪਾਰ ਖਲੋਂਦੀ
ਸਾਂਝੀਵਾਲਤਾ ਦੇ ਬੀਜ ਬੋਂਦੀ

ਸੰਪਰਕ 97795-91344

ਮਾਸਟਰ ਤਿਰਲੋਚਨ ਨੂੰ ਯਾਦ ਕਰਦਿਆਂ

ਜੇ ਕੋਈ ਇਨਸਾਨ ਆਪਣੇ ਪਰਵਾਰ ਤੇ ਸਾਕ-ਸੰਬੰਧੀਆਂ ਪ੍ਰਤੀ ਸੁਹਿਰਦ ਤੇ ਈਮਾਨਦਾਰ ਹੋਵੇ ਤਾਂ ਉਸ ਨੂੰ ਸਮਾਜ ਵਿਚ ਸਤਿਕਾਰ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ ਪਰ ਬਹੁਤ ਘੱਟ ਮਨੁੱਖ ਹੁੰਦੇ ਹਨ, ਜੋ ਆਪਣੇ ਆਲੇ-ਦੁਆਲੇ ਲਈ ਚਿੰਤਤ ਹੋਣ, ਲੋਕਾਈ ਦੀ ਬਿਹਤਰੀ ਲਈ ਬੇਬਾਕੀ, ਨਿੱਡਰਤਾ ਅਤੇ ਦਲੇਰੀ ਨਾਲ ਯਤਨਸ਼ੀਲ ਹੋਣ। ਅਜਿਹੇ ਇਨਸਾਨਾਂ ਨੂੰ ਲੋਕ ਸਤਿਕਾਰ ਦੇ ਨਾਲ-ਨਾਲ ਸਨਮਾਨ ਦੀ ਨਜ਼ਰ ਨਾਲ ਵੀ ਦੇਖਦੇ ਹਨ। ਮਾਸਟਰ ਤਿਰਲੋਚਨ ਹੋਰਾਂ ਨੂੰ ਉਨ੍ਹਾਂ ਦਾ ਆਲਾ-ਦੁਆਲਾ ਸਤਿਕਾਰ ਅਤੇ ਸਨਮਾਨ ਦੀ ਨਜ਼ਰ ਨਾਲ ਦੇਖਦਾ ਸੀ।

ਕੋਈ ਵੀ ਵਿਅਕਤੀ ਜ਼ਿੰਦਗੀ ਵਿਚ ਇਕ ਹੀ ਖੇਤਰ ਵਿਚ ਵਿਚਰ ਸਕਦਾ ਹੈ, ਪਰ ਘੱਟ ਵਿਅਕਤੀ ਹੀ ਉਸ ਖੇਤਰ ਵਿਚ ਨਾਮਣਾ ਖੱਟਦੇ ਹਨ, ਪਰ ਜੇ ਕੋਈ ਵਿਅਕਤੀ ਜ਼ਿੰਦਗੀ ਵਿਚ ਇਕ ਤੋਂ ਵਧੇਰੇ ਖੇਤਰਾਂ 'ਚ ਵਿਚਰੇ ਵੀ ਤੇ ਬੁਲੰਦੀਆਂ ਵੀ ਛੋਹੇ ਤਾਂ ਉਹ ਬਹੁ-ਪੱਖੀ ਤੇ ਬਹੁਪਰਤੀ ਸ਼ਖਸੀਅਤ ਸਨ ਮਾਸਟਰ ਤਿਰਲੋਚਨ, ਜਿਨ੍ਹਾਂ ਇਕੋ ਸਮੇਂ ਰੰਗਮੰਚ ਦੇ ਖੇਤਰ ਵਿਚ, ਫਿਲਮਾਂ ਦੇ ਖੇਤਰ ਵਿਚ, ਟੈਲੀਵੀਜ਼ਨ ਦੇ ਖੇਤਰ ਵਿਚ ਨਾ ਕੇਵਲ ਵਿਚਰੇ, ਬਲਕਿ ਬੁਲੰਦੀਆਂ ਵੀ ਛੋਹੀਆਂ। ਉਹ ਇਕੋ ਸਮੇਂ ਇਕ ਤੋਂ ਵੱਧ ਸੰਸਥਾਵਾਂ ਵਿਚ ਵੀ ਸ਼ਿੱਦਤ ਨਾਲ ਸਰਗਰਮ ਸਨ। ਚਾਹੇ ਉਹ ਆਰਟ ਸੈਂਟਰ ਸਮਰਾਲਾ ਹੋਵੇ, ਚਾਹੇ ਪਲਸ ਮੰਚ, ਚਾਹੇ ਤਰਕਸ਼ੀਲ ਸੁਸਾਇਟੀ ਹੋਵੇ।

ਮਾਸਟਰ ਤਿਰਲੋਚਨ ਨੇ ਵੱਡੇ ਪਰਦੇ 'ਤੇ 'ਏਕਮ' ਅਤੇ 'ਹਸ਼ਰ' ਫਿਲਮਾਂ ਅਤੇ ਛੋਟੇ ਪਰਦੇ 'ਤੇ ਸਵਰਗੀ ਸ੍ਰੀ ਸੰਤੋਖ ਸਿੰਘ ਧੀਰ ਸੂਖ਼ਮ, ਕਠਿਨ ਅਤੇ ਪਸ਼ੂਆਂ ਦੀ ਮਨੋਦਿਸ਼ਾ ਪੇਸ਼ ਕਰਦੀ ਕਹਾਣੀ 'ਮੰਗੋ' ਸਮੇਤ ਅਨੇਕਾਂ ਟੈਲੀਫਿਲਮਾਂ ਦੇ ਲੇਖਣ/ਨਿਰਦੇਸ਼ਨ ਜ਼ਰੀਏ ਅਹਿਮ ਅਤੇ ਜ਼ਿਕਰਯੋਗ ਯੋਗਦਾਨ ਪਾਇਆ। ਲੋਕਾਈ ਦੇ ਦੁੱਖਾਂ-ਦਰਦਾਂ, ਲੋੜਾਂ ਅਤੇ ਥੋੜਾਂ ਦੀ ਬਾਤ ਪਾਉਂਦੇ ਆਪਣੇ ਲਿਖੇ ਅਤੇ ਨਿਰਦੇਸ਼ਤ ਨਾਟਕਾਂ, ਨੁੱਕੜ ਨਾਟਕਾਂ ਅਤੇ ਕੋਰੀਓਗ੍ਰਾਫੀਆਂ ਰਾਹੀਂ ਤਾਂ ਉਨ੍ਹਾਂ ਪੰਜਾਬ ਦੇ ਕੋਨੇ-ਕੋਨੇ ਵਿਚ ਆਪਣੀ ਹਾਜ਼ਰੀ ਲਵਾ ਕੇ ਪੰਜਾਬੀਆਂ ਦੇ ਦਿਲਾਂ ਵਿਚ ਖਾਸ ਸਥਾਨ ਬਣਾਇਆ।

ਮਾਸਟਰ ਤਿਰਲੋਚਨ ਹੁਰਾਂ ਨਾਲ ਮੇਰੀ ਪਹਿਲੀ ਮੁਲਾਕਾਤ ਬੱਤੀ ਸਾਲ ਪਹਿਲਾਂ 1991 ਵਿਚ ਉਸ ਸਮੇਂ ਹੋਈ, ਜਦੋਂ ਸਰਘੀ ਕਲਾ ਕੇਂਦਰ ਵੱਲੋਂ ਸੰਤੋਖ ਸਿੰਘ ਧੀਰ ਹੁਰਾਂ ਦੀ ਚਰਚਿੱਤ ਕਹਾਣੀ 'ਡੈਣ' ਦਾ ਨਾਟਕੀ ਰੂਪਾਂਤਰ ਕਰਕੇ ਉਸ ਦਾ ਮੰਚਣ ਕਰਨ ਦਾ ਫੈਸਲਾ ਕੀਤਾ ਗਿਆ। ਧੀਰ ਸਾਹਿਬ ਨੇ ਕਹਾਣੀ ਦੇ ਨਾਟਕੀ ਰੂਪਾਂਤਰ ਲਈ ਮਾਸਟਰ ਤਿਰਲੋਚਨ ਦੀ ਦੱਸ ਪਾਈ। ਮਾਸਟਰ ਹੋਰੀਂ ਆਪਣੇ ਰੰਗਮੰਚੀ ਅਤੇ ਸੱਭਿਆਚਾਰਕ ਰੁਝੇਵਿਆਂ ਕਾਰਨ ਕਹਾਣੀ 'ਡੈਣ' ਦਾ ਨਾਟਕੀ ਰੂਪਾਂਤਰ ਤਾਂ ਨਹੀਂ ਕਰ ਸਕੇ, ਪਰ ਨਿੱਕੇ-ਮੋਟੇ ਮੱਤ-ਭੇਦਾਂ ਦੇ ਬਾਵਜੂਦ ਸਾਡੀ ਨੇੜਤਾ ਅਤੇ ਰੰਗਮੰਚੀ ਸਾਂਝ ਵਿਚ ਰਤੀ ਭਰ ਵੀ ਫ਼ਰਕ ਨ੍ਹੀ ਪਿਆ।

ਮਨੁੱਖੀ ਅਣਗਹਿਲੀ ਨਾਲ ਦਰਦਨਾਕ ਵਾਪਰੇ ਸੜਕ ਹਾਦਸੇ ਨਾਲ ਸਾਡੇ ਕੋਲੋਂ ਸਦਾ ਲਈ ਵਿੱਛੜ ਚੁੱਕੇ ਮਾਸਟਰ ਤਿਰਲੋਚਨ ਇਕ ਵਿਅਕਤੀ ਜਾਂ ਸੰਸਥਾ ਨਹੀਂ, ਸਗੋਂ ਸੰਸਥਾਵਾਂ ਸਨ। ਉਨ੍ਹਾਂ ਦੇ ਦੇਹਾਂਤ ਨਾਲ ਰੰਗਮੰਚ ਤੇ ਲੋਕ-ਹਿਤੈਸ਼ੀ ਸੱਭਿਆਚਾਰ ਦੇ ਖੇਤਰ ਵਿਚ ਜਿਹੜਾ ਖੱਪਾ ਪਿਆ ਹੈ, ਉਹ ਛੇਤੀ ਕਿਤੇ ਪੂਰਾ ਨਹੀਂ ਹੋ ਸਕਣਾ। ਮਾਸਟਰ ਤਿਰਲੋਚਨ ਹੁਰਾਂ ਦੀ ਯਾਦ ਵਿਚ ਅੰਤਿਮ ਅਰਦਾਸ ਮਿਤੀ 20 ਅਗਸਤ 2023, ਦਿਨ ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪਿੰਡ ਸ਼ਾਮਗੜ੍ਹ, ਭਗਵਾਨਪੁਰ (ਲੁਧਿਆਣਾ) ਰੋਡ ਸਮਰਾਲਾ ਵਿਖੇ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗੀ।

- ਸੰਜੀਵਨ ਸਿੰਘ
94174-60656

ਭਾਰਤੀ ਸਮਾਜ ਵਿਚਲੇ ਇਸਤਰੀ ਵਿਰੋਧੀ ਸੰਸਕਾਰ

ਪ੍ਰੋ. ਸਾਧੂ ਸਿੰਘ

ਭਾਰਤ ਦੇ ਪਰੰਪਰਾਇਕ ਇਤਿਹਾਸ, ਸੰਸਕ੍ਰਿਤੀ ਅਥਵਾ ਸੱਭਿਆਚਾਰ ਵਿੱਚ ਬਜ਼ੁਰਗਾਂ ਦੇ ਜੀਵਨ ਅਤੇ ਅਨੁਭਵ ਅਤੇ ਸੂਝ-ਸਿਆਣਪ ਨੂੰ ਬਹੁਤ ਮਾਣ-ਸਤਿਕਾਰ ਦਿੱਤਾ ਗਿਆ ਹੈ। ਆਪਣੀ ਜੀਵਨ-ਯਾਤਰਾ ਦੌਰਾਨ ਉਨ੍ਹਾਂ ਅਨੇਕਾਂ ਉਤਰਾਅ-ਚੜ੍ਹਾਅ ਪਾਰ ਕੀਤੇ ਹੁੰਦੇ ਹਨ। ਇਸ ਸਫਰ ਵਿਚ ਉਨ੍ਹਾਂ ਦੇ ਆਮ ਗਿਆਨ-ਭੰਡਾਰ ਵਿਚ ਬਹੁ-ਭਾਂਤੀ ਵਿਸਤਾਰ ਹੋਇਆ ਹੁੰਦਾ ਹੈ। ਇਹ ਗਿਆਨ ਉਨ੍ਹਾਂ ਦੀ ਬੁਧ-ਸੁਬੁੱਧ ਦਾ ਅਲੌਕਿਕ ਭਾਗ ਬਣ ਜਾਂਦਾ ਹੈ, ਇੱਕ ਅਨਿੱਖੜਵਾਂ ਅੰਗ ਹੋ ਜਾਂਦਾ ਹੈ, ਜੋ ਜਾਣੇ-ਅਨਜਾਣੇ ਆਉਣ ਵਾਲੀਆਂ ਪੀੜ੍ਹੀਆਂ ਅਤੇ ਨਸਲਾਂ ਤੱਕ ਸੰਚਾਰਿਤ ਹੁੰਦਾ ਰਹਿੰਦਾ ਹੈ। ਲੋਕਧਾਰਾ ਦੇ ਗਿਆਨ ਵਿੱਚ ਸਰਬ ਵਿਆਪਕ ਸੱਚ ਬਣ ਕੇ ਪ੍ਰਵੇਸ਼ ਕਰ ਜਾਂਦਾ ਹੈ। ਬਜ਼ੁਰਗ ਇਸ ਗਿਆਨ ਨੂੰ ਆਪਣੇ ਸਮਕਾਲੀਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪੁੱਜਦਾ ਕਰਨਾ ਆਪਣਾ ਸਰਵਸ੍ਰੇਸ਼ਟ ਧਰਮ ਸਮਝਦੇ ਹਨ, ਪਰ ਇਹ ਗਿਆਨ-ਬੋਧ ਸਾਰੇ ਸਮਿਆਂ ਵਿੱਚ ਸਰਵਸ੍ਰਿਸ਼ਟੀ ਲਈ ਸਾਰਥਕ ਅਤੇ ਕਲਿਆਣਕਾਰੀ ਸਾਬਤ ਹੋਣ ਦਾ ਫਰਜ਼ ਨਹੀਂ ਨਿਭਾਅ ਸਕਦਾ।

ਹਥਲੀ ਲਿਖਤ ਅਜਿਹੇ ਹੀ ਇਕ ਗੁਣਵਾਨ ਬਜ਼ੁਰਗ-ਦਾਨਿਸ਼ਮੰਦ ਦੀ ਇਕੱਤਰ ਕੀਤੀ ਗਿਆਨ ਸਮੱਗਰੀ 'ਤੇ ਆਧਾਰਤ ਹੈ। ਸੋ ਇਸ ਦੀ ਚਰਚਾ ਕਰਦੇ ਸਮੇਂ ਸਾਨੂੰ ਬਜ਼ੁਰਗ ਬਾਬੇ ਦੀ ਗਿਆਨ ਸੀਮਾ ਅਤੇ ਸੁਹਿਰਦਤਾ ਨੂੰ ਜ਼ਰੂਰ ਧਿਆਨ ਗੋਚਰ ਕਰਕੇ ਪਰਖ-ਪੜਚੋਲ ਕਰਨੀ ਪਵੇਗੀ। ਬਾਬਾ ਪਿੰਡ ਦੀਆਂ ਸੱਥਾਂ, ਸਭਾਵਾਂ ਅਤੇ ਧਾਰਮਿਕ ਅਦਾਰਿਆਂ ਵਿੱਚੋਂ ਗ੍ਰਹਿਣ ਕੀਤਾ ਗਿਆਨ ਹੀ ਪ੍ਰਸਾਰਿਤ ਕਰਦਾ ਹੈ।

ਬਜ਼ੁਰਗ ਬਾਬੇ ਦਾ ਉਪਦੇਸ਼ ਹੈ ਕਿ ਕੁੜੀਆਂ ਨੂੰ ਦੁੱਧ ਨਹੀਂ ਪਿਲਾਉਣਾ ਚਾਹੀਦਾ। ਮੀ

20-Aug-Sunday.qxd 8/19/2023 10:31 PM Page 2

ਅਣਗੌਲੇ ਨਾਇਕ-2

ਗਦਰੀ ਬਾਬਾ ਨਿਧਾਨ ਸਿੰਘ ਮਹੇਸਰੀ

ਡਾ. ਗੁਰਦੇਵ ਸਿੰਘ ਸਿੱਧੂ

ਮਿਸਟਰ ਜਰਵਿਸ ਨੇ ਭਰੋਸਾ ਦਵਾਇਆ ਕਿ ਅਮਰੀਕਨ ਅਧਿਕਾਰੀ ਅਮਰੀਕਾ ਵਿਚਲੇ ਵਿਦਰੋਹੀ ਹਿੰਦੁਸਤਾਨੀਆਂ ਨੂੰ ਅਮਰੀਕਾ ਵਿਚੋਂ ਕੱਢਣ ਵਾਸਤੇ ਹਰ ਸੰਭਵ ਸਹਾਇਤਾ ਦੇਣਗੇ ਅਤੇ ਦੇਸ਼-ਬਦਰ ਕੀਤੇ ਜਾਣ ਵਾਲਿਆਂ ਨੂੰ ਛੋਟੀਆਂ ਟੋਲੀਆਂ ਵਿਚ ਭੇਜਿਆ ਜਾਣਾ ਸੰਭਵ ਹੋਵੇਗਾ। ਇਹ ਵਿਉਂਤਿਆ ਗਿਆ ਕਿ ਜਿਉਂ ਹੀ ਕਿਸੇ ਹਿੰਦੁਸਤਾਨੀ ਨੂੰ ਅਮਰੀਕਾ ਵਿਚੋਂ ਕੱਢਣ ਦਾ ਫੈਸਲਾ ਹੋਵੇ ਤਾਂ ਅਮਰੀਕਾ ਸਰਕਾਰ ਉਸ ਦਾ ਵੇਰਵਾ ਭਾਵ ਉਸ ਦਾ ਨਾਂਅ, ਪਿਤਾ ਦਾ ਨਾਂਅ, ਪਿੰਡ, ਜ਼ਿਲ੍ਹੇ ਅਤੇ ਸੂਬੇ ਦੀ ਜਾਣਕਾਰੀ ਸਾਨਫਰਾਂਸਿਸਕੋ ਵਿਚ ਤਾਇਨਾਤ ਬਰਤਾਨਵੀ ਕਾਉਂਸਲ ਜਨਰਲ ਨੂੰ ਦੇਵੇ ਅਤੇ ਨਾਲ ਹੀ ਦੇਸ਼-ਬਦਰ ਕੀਤੇ ਜਾ ਰਹੇ ਵਿਅਕਤੀ ਦੀ ਯਾਤਰਾ ਨਾਲ ਸੰਬੰਧਤ ਸਮੁੰਦਰੀ ਜਹਾਜ਼ ਦਾ ਨਾਂਅ, ਉਸ ਦੇ ਚੱਲਣ ਦੀ ਮਿਤੀ ਅਤੇ ਰਾਹ ਵਿਚ ਪੈਂਦੀਆਂ ਬੰਦਰਗਾਹਾਂ ਦੀ ਸੂਚਨਾ ਵੀ ਹਿੰਦੁਸਤਾਨ ਸਰਕਾਰ ਅਤੇ ਸਾਰੀਆਂ ਬਰਤਾਨਵੀ ਜਾਂ ਅੰਤਰਰਾਸ਼ਟਰੀ ਬੰਦਰਗਾਹਾਂ ਨੂੰ ਭੇਜੀ ਜਾਵੇ, ਤਾਂ ਜੋ ਸੰਭਵ ਬੰਦਰਗਾਹਾਂ ਸ਼ੰਘਾਈ, ਹਾਂਗਕਾਂਗ, ਸਿੰਗਾਪੁਰ, ਕੋਲੰਬੋ, ਕਲਕੱਤਾ, ਮਦਰਾਸ, ਬੰਬਈ ਅਤੇ ਕਰਾਚੀ ਉਤੇ ਅਧਿਕਾਰੀਆਂ ਵੱਲੋਂ ਜ਼ਰੂਰੀ ਕਾਰਵਾਈ ਕਰਨ ਲਈ ਪੂਰਾ ਵੇਰਵਾ ਉਹਨਾਂ ਕੋਲ ਹੋਵੇ। ਹਿੰਦੁਸਤਾਨ ਸਰਕਾਰ ਨੇ ਅਮਰੀਕਨ ਅਧਿਕਾਰੀਆਂ ਨੂੰ ਇਹ ਸੁਝਾਅ ਦਿੱਤਾ ਕਿ ਜਿੱਥੋਂ ਤੱਕ ਸੰਭਵ ਹੋ ਸਕੇ, ਅਮਰੀਕਾ ਵਿਚੋਂ ਕੱਢੇ ਗਏ ਵਿਅਕਤੀ ਨੂੰ ਬਰਤਾਨਵੀ ਜਹਾਜ਼ ਉੱਤੇ ਚੜ੍ਹਾਇਆ ਜਾਵੇ ਅਤੇ ਸੰਬੰਧਤ ਜਹਾਜ਼ ਦੇ ਕਪਤਾਨ ਨੂੰ ਇਸ ਤੱਥ ਤੋਂ ਜਾਣੂੰ ਕਰਵਾ ਦਿੱਤਾ ਜਾਵੇ। ਇਹ ਸੁਝਾਅ ਵੀ ਦਿੱਤਾ ਗਿਆ ਕਿ ਇਕੋ ਸਮੇਂ ਅਜਿਹੀ ਟੋਲੀ ਵਿਚ ਘੱਟ ਤੋਂ ਘੱਟ ਵਿਅਕਤੀ ਰੱਖੇ ਜਾਣ।

ਲੰਡਨ ਦੀ ਉਤਸੁਕਤਾ

ਸੈਕਟਰੀ ਆਫ ਸਟੇਟ ਲੰਡਨ ਵੱਲੋਂ ਅਮਰੀਕਾ ਵਿਚਲੇ ਬਰਤਾਨਵੀ ਸਫੀਰ ਤੋਂ ਕੈਲੇਫੋਰਨੀਆ ਵਿਚਲੇ ਗਦਰੀਆਂ ਬਾਰੇ ਵਾਰ-ਵਾਰ ਜਾਣਕਾਰੀ ਮੰਗੀ ਜਾ ਰਹੀ ਸੀ। ਵਾਸ਼ਿੰਗਟਨ ਸਥਿਤ ਬਰਤਾਨਵੀ ਦੂਤਘਰ ਨੇ ਪੱਤਰ ਨੰ: 1438 ਮਿਤੀ 15 ਸਤੰਬਰ 1931 ਨੂੰ ਕੈਲੇਫੋਰਨੀਆ ਵਿਚ ਗਦਰ ਪਾਰਟੀ ਦੀਆਂ ਗਤੀਵਿਧੀਆਂ ਬਾਰੇ ਰਿਪੋਰਟ ਲੰਡਨ ਵਿਚ ਵਿਦੇਸ਼ੀ ਮਹਿਕਮੇ ਦੇ ਸਕੱਤਰ ਨੂੰ ਭੇਜੀ, ਜਿਸ ਵਿਚ ਅਮਰੀਕਾ ਸਰਕਾਰ ਵੱਲੋਂ 'ਕਾਲੀ ਸੂਚੀ' ਵਿਚ ਦਰਜ ਭਾਰਤੀਆਂ ਨੂੰ ਅਮਰੀਕਾ ਵਿਚੋਂ ਕੱਢੇ ਜਾਣ ਦੀ ਨੀਤੀ ਬਾਰੇ ਦੱਸਿਆ ਗਿਆ ਸੀ। ਵਿਦੇਸ਼ੀ ਮਹਿਕਮੇ ਨੇ ਇਹ ਪੱਤਰ ਨੰ: ਪੀ ਐਂਡ ਜੇ (8) 1375/ 31 ਮਿਤੀ 6 ਅਕਤੂਬਰ 1931 ਦੁਆਰਾ ਇੰਡੀਆ ਆਫਸ ਨੂੰ ਭੇਜ ਦਿੱਤਾ। ਇੰਡੀਆ ਆਫਸ ਨੇ ਮਿਤੀ 10 ਅਕਤੂਬਰ ਨੂੰ ਇਸੇ ਨੰ : ਦੇ ਪੱਤਰ ਨਾਲ ਇਹ ਜਾਣਕਾਰੀ ਹਿੰਦੁਸਤਾਨ ਸਰਕਾਰ ਨੂੰ ਭੇਜੀ। ਸਟੇਟ ਸਕੱਤਰ ਦੀ ਸਮਝ ਮੁਤਾਬਕ ਅਮਰੀਕਾ ਸਰਕਾਰ ਹਿੰਸਕ ਕਾਰਵਾਈਆਂ ਅਤੇ ਪ੍ਰਵਾਸ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਅਨਸਰਾਂ ਨੂੰ ਦੇਸ਼ ਨਿਕਾਲਾ ਦੇਣ ਨੂੰ ਆਪਣੇ ਹਿੱਤ ਵਿਚ ਸਮਝਦੀ ਹੈ। ਉਸ ਦਾ ਮੱਤ ਸੀ ਕਿ ਹਿੰਦੁਸਤਾਨ ਸਰਕਾਰ ਦੇ ਇਸ ਮਸਲੇ ਪ੍ਰਤੀ ਦੋ ਪ੍ਰਤੀਕਰਮ ਹੋ ਸਕਦੇ ਹਨ। ਪਹਿਲਾ ਇਹ ਕਿ ਇਸ ਨਾਲ ਅਮਰੀਕਾ ਵਿਚ ਗਦਰ ਪਾਰਟੀ ਦੀਆਂ ਗਤੀਵਿਧੀਆਂ ਉੱਤੇ ਕਾਬੂ ਪਾਇਆ ਜਾ ਸਕੇਗਾ ਅਤੇ ਦੂਜਾ ਕਿ ਅਜਿਹੇ ਅਨਸਰ ਦਾ ਥੋਕ ਵਿਚ ਹਿੰਦੁਸਤਾਨ, ਜਿੱਥੇ ਉਹ ਅਮਰੀਕਾ ਵਿਚ ਹੋਣ ਨਾਲੋਂ ਵੱਧ ਖਤਰਨਾਕ ਹੋਣਗੇ, ਆਉਣਾ ਅਣ-ਇੱਛਤ ਹੋਵੇਗਾ। ਸਟੇਟ ਸਕੱਤਰ ਦੀ ਰਾਇ ਸੀ ਕਿ ਅਜਿਹੇ ਵਿਚ ਗਿਣਤੀ ਦੇ ਚੋਣਵੇਂ ਗਦਰੀ ਆਗੂਆਂ ਨੂੰ ਅਮਰੀਕਾ ਵਿਚੋਂ ਕੱਢਿਆ ਜਾਣਾ ਅਤੇ ਬਾਹਰੋਂ ਨਵੇਂ ਆਗੂਆਂ ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਰੋਕਿਆ ਜਾਣਾ ਠੀਕ ਹੋਵੇਗਾ। ਹਿੰਦੁਸਤਾਨ ਸਰਕਾਰ ਨੂੰ ਇਸ ਬਾਰੇ ਆਪਣੀ ਰਾਇ ਭੇਜਣ ਲਈ ਕਿਹਾ ਗਿਆ ਸੀ।

ਬਰਤਾਨਵੀ ਕਾਉਂਸਲ ਜਨਰਲ ਵੱਲੋਂ ਸਥਿਤੀ ਦਾ ਮੁਲਾਂਕਣ

ਜਦੋਂ ਉਪਰੋਕਤ ਕਾਰਵਾਈ ਚੱਲ ਰਹੀ ਸੀ ਤਾਂ ਸਾਨਫਰਾਂਸਿਸਕੋ ਵਿਚਲੇ ਬਰਤਾਨਵੀ ਕਾਉਂਸਲ ਜਨਰਲ ਨੇ ਬਰਤਾਨਵੀ ਸਰਕਾਰ ਦੇ ਵਿਦੇਸ਼ ਵਿਭਾਗ ਵੱਲੋਂ ਸਾਨਫਰਾਂਸਿਸਕੋ ਵਿਚ ਗਦਰੀਆਂ ਦੀਆਂ ਕਾਰਵਾਈਆਂ ਦੀ ਜਾਣਕਾਰੀ ਦੇਣ ਬਾਰੇ ਲਿਖੇ ਪੱਤਰ ਨੰ:13 ਮਿਤੀ 3 ਜਨਵਰੀ 1931 ਦੇ ਉੱਤਰ ਵਿਚ ਇਸ ਸਾਲ ਅਗਸਤ ਤੱਕ ਦੀਆਂ ਗਦਰੀ ਗਤੀਵਿਧੀਆਂ ਨੂੰ ਆਧਾਰ ਬਣਾ ਕੇ ਰਿਪੋਰਟ ਭੇਜੀ। ਉਸ ਨੇ ਦੱਸਿਆ ਕਿ ਅਮਰੀਕਾ ਦਾ ਫੈਡਰਲ ਆਵਾਸ ਮਹਿਕਮਾ ਅਤੇ ਕੈਲੇਫੋਰਨੀਆ ਸ਼ਹਿਰ ਦੇ ਅਧਿਕਾਰੀ ਦੋਵੇਂ ਗਦਰ ਪਾਰਟੀ ਨੂੰ ਕਮਿਊਨਿਸਟਾਂ ਨਾਲ ਸੰਬੰਧਤ ਹੋਣ ਦੇ ਸਬੂਤ ਲੱਭ ਲੈਣ ਦੀ ਆਸ ਵਿਚ ਗਦਰੀ ਹਿੰਦੁਸਤਾਨੀਆਂ ਦੀਆਂ ਗਤੀਵਿਧੀਆਂ ਵਿਚ ਦਿਲਚਸਪੀ ਲੈ ਰਹੇ ਹਨ। ਉਸ ਨੇ ਇਹ ਵੀ ਲਿਖਿਆ ਕਿ ਜੇਕਰ ਅਜਿਹੇ ਸਬੂਤ ਹੱਥ ਲੱਗ ਗਏ ਤਾਂ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਹਿੰਦੁਸਤਾਨੀਆਂ ਨੂੰ ਵੱਡੀ ਗਿਣਤੀ ਵਿਚ ਅਮਰੀਕਾ ਤੋਂ ਕੱਢ ਦਿੱਤਾ ਜਾਵੇਗਾ। ਉਸ ਨੇ ਇਹ ਤੌਖਲਾ ਪ੍ਰਗਟਾਇਆ ਕਿ ਸੰਭਵਤਾ ਕੈਲੇਫੋਰਨੀਆਂ ਤੋਂ ਸ਼ੱਕੀ ਵਿਅਕਤੀਆਂ ਨੂੰ ਥੋਕ ਵਿਚ ਦੇਸ਼ ਨਿਕਾਲਾ ਦਿੱਤੇ ਜਾਣ ਨੂੰ ਹਿੰਦੁਸਤਾਨ ਸਰਕਾਰ ਪਸੰਦ ਨਹੀਂ ਕਰੇਗੀ, ਪਰ ਲੇਬਰ ਮਹਿਕਮੇ ਵੱਲੋਂ ਵਿਅਕਤੀਗਤ ਮਾਮਲੇ ਸਫਾਰਤਖਾਨੇ ਸਾਹਮਣੇ ਪੇਸ਼ ਕੀਤੇ ਜਾਣ ਸਮੇਂ ਹੀ ਇਸ ਗੱਲ ਦਾ ਨਿਰਣਾ ਕਰਨਾ ਹੋਵੇਗਾ ਕਿ ਕੀ ਇਸ ਅਮਲ ਦਾ ਵਿਰੋਧ ਕੀਤਾ ਜਾਣਾ ਹੈ? ਬਰਤਾਨਵੀ ਸਫੀਰ ਨੇ ਦੱਸਿਆ ਕਿ ਕਈ ਹਿੰਦੁਸਤਾਨੀਆਂ ਦਾ ਕਤਲ ਹੋਣ ਕਾਰਨ ਸਥਾਨਕ ਵਸੋਂ ਰੋਹ ਵਿਚ ਹੈ ਅਤੇ ਜਿਹੋ ਜਿਹੇ ਆਤੰਕੀ ਮਾਹੌਲ ਵਿਚ ਕਤਲ ਹੋ ਰਹੇ ਹਨ, ਉਸ ਕਾਰਨ ਕੋਈ ਗਵਾਹੀ ਨਹੀਂ ਮਿਲੇਗੀ। ਸਰਕਾਰੀ ਅਧਿਕਾਰੀ ਪੜਤਾਲ ਕਰਨ ਵਿਚ ਲੱਗੇ ਹੋਏ ਹਨ ਅਤੇ ਜੇਕਰ ਕੈਲੇਫੋਰਨੀਆ ਦੇ ਚੁਣੇ ਨੁਮਾਇੰਦਿਆਂ ਨੇ ਇਸ ਵਿਚ ਦਿਲਚਸਪੀ ਲਈ ਤਾਂ ਇਨਕਲਾਬੀ ਹਿੰਦੁਸਤਾਨੀਆਂ ਅਤੇ ਕਮਿਊਨਿਸਟ ਪਾਰਟੀ ਦਰਮਿਆਨ ਸੰਬੰਧਾਂ ਦੇ ਸਬੂਤ ਲੱਭ ਸਕਣੇ ਸੰਭਵ ਹਨ। ਉਸ ਨੇ ਆਪਣੇ ਪੱਤਰ ਵਿਚ ਵਿਸ਼ੇਸ਼ ਤੌਰ ਉੱਤੇ ਪੰਜ ਗਦਰੀਆਂ ਦਾ ਜ਼ਿਕਰ ਕੀਤਾ, ਜਿਨ੍ਹਾਂ ਵਿਚ ਪਹਿਲਾ ਨਾਂਅ ਨਿਧਾਨ ਸਿੰਘ ਦਾ ਸੀ, ਦੂਜੇ ਗਦਰੀ ਵਰਿਆਮ ਸਿੰਘ, ਦਲੀਪ ਸਿੰਘ ਅਤੇ ਤੇਜਾ ਸਿੰਘ ਉਰਫ ਆਜ਼ਾਦ ਤੇਜਾ, ਜੋ ਜਨਵਰੀ ਦੇ ਮਹੀਨੇ ਕੈਲੇਫੋਰਨੀਆ ਤੋਂ ਪਨਾਮਾ ਚਲਿਆ ਗਿਆ ਸੀ। ਉਸ ਨੇ ਨਿਧਾਨ ਸਿੰਘ ਦੀ ਜੂਨ ਮਹੀਨੇ ਹੋਈ ਗ੍ਰਿਫਤਾਰੀ ਅਤੇ ਆਵਾਸ ਮਹਿਕਮੇ ਦੇ ਅਧਿਕਾਰੀਆਂ ਵੱਲੋਂ ਉਸ ਨੂੰ ਅਮਰੀਕਾ ਵਿਚੋਂ ਕੱਢੇ ਜਾਣ ਬਾਰੇ ਲਈ ਜਾ ਰਹੀ ਦਿਲਚਸਪੀ ਬਾਰੇ ਵੀ ਦੱਸਿਆ। ਉਸ ਨੇ ਯਕੀਨ ਦਿਵਾਇਆ ਕਿ ਅਮਰੀਕਾ ਵਿਚ ਕੇਂਦਰੀ ਅਤੇ ਸੂਬਾਈ ਸਰਕਾਰ ਦੇ ਅਧਿਕਾਰੀ, ਜੇ ਹੋ ਸਕੇ ਪ੍ਰਤੱਖ ਤੌਰ ਉੱਤੇ ਅਮਰੀਕਾ ਵਿਚ ਬਾਗੀ ਹਿੰਦੁਸਤਾਨੀਆਂ ਤੋਂ ਖਹਿੜਾ ਛੁਡਾਉਣ ਲਈ ਦ੍ਰਿੜ੍ਹ ਹਨ ਅਤੇ ਸ਼ੱਕੀ ਵਿਅਕਤੀਆਂ ਨੂੰ ਪ੍ਰਵਾਸੀ ਕਾਨੂੰਨਾਂ ਦੇ ਘੇਰੇ ਵਿਚ ਲੈ ਸਕਣ ਦੀ ਮਨਸ਼ਾ ਨਾਲ ਉਹਨਾਂ ਉੱਤੇ ਸਖਤ ਨਿਗਰਾਨੀ ਰੱਖ ਰਹੇ ਹਨ।

ਨਿਧਾਨ ਸਿੰਘ ਬਾਰੇ ਅਮਰੀਕਨ ਵਿਉਂਤ ਅਸਫਲ

ਇਸ ਮੌਕੇ ਯੂਰਪ ਅਤੇ ਅਮਰੀਕਾ ਵਿਚ ਕੰਮ ਕਰਦੀਆਂ ਕੁਝ ਅਗਾਂਹਵਧੂ ਸੰਸਥਾਵਾਂ, ਜਿਨ੍ਹਾਂ ਵਿਚ ਬਰਲਿਨ ਸਥਿਤ 'ਸਾਮਰਾਜਵਾਦ ਵਿਰੋਧੀ ਲੀਗ' ਅਤੇ ਅਮਰੀਕਾ ਵਿਚਲੀ 'ਕੌਮਾਂਤਰੀ ਮਜ਼ਦੂਰ ਸੰਘ' ਪ੍ਰਮੁੱਖ ਸਨ, ਨਿਧਾਨ ਸਿੰਘ ਦੇ ਪੱਖ ਵਿਚ ਨਿਤਰੀਆਂ। ਨਤੀਜੇ ਦੇ ਤੌਰ ਉੱਤੇ ਫੈਡਰਲ ਸਰਕਾਰ ਨੇ ਆਵਾਸ ਅਧਿਕਾਰੀਆਂ ਦੀ ਤਜਵੀਜ਼ ਪ੍ਰਵਾਨ ਨਾ ਕੀਤੀ ਅਤੇ ਦਸੰਬਰ 1931 ਵਿਚ ਨਿਧਾਨ ਸਿੰਘ ਦੀ ਗ੍ਰਿਫਤਾਰੀ ਦੇ ਵਾਰੰਟ ਰੱਦ ਕਰ ਦਿੱਤੇ। ਸਰਕਾਰ ਦੇ ਇਸ ਫੈਸਲੇ ਨਾਲ 1924 ਤੋਂ ਪਹਿਲਾਂ ਅਮਰੀਕਾ ਵਿਚ ਪਹੁੰਚ ਚੁੱਕੇ ਕਿਸੇ ਵੀ ਗਦਰੀ ਨੂੰ ਮੁਲਕ ਵਿਚੋਂ ਕੱਢ ਦੇਣ ਦੀ ਸੰਭਾਵਨਾ ਖਤਮ ਹੋ ਗਈ। ਹਿੰਦੁਸਤਾਨ ਸਰਕਾਰ ਨੂੰ ਵਿਸ਼ਵਾਸ ਸੀ ਕਿ ਅਮਰੀਕਾ ਸਰਕਾਰ ਆਪਣੀ ਯੋਜਨਾ ਅਨੁਸਾਰ ਗਦਰੀਆਂ ਨੂੰ ਅਮਰੀਕਾ ਵਿਚੋਂ ਕੱਢ ਕੇ ਉਸ ਦੇ ਹਵਾਲੇ ਕਰ ਦੇਵੇਗੀ ਅਤੇ ਉਸ ਨੇ ਇਸ ਮੁਤਾਬਕ ਅਗਲੀ ਯੋਜਨਾਬੰਦੀ ਵੀ ਕੀਤੀ ਹੋਈ ਸੀ, ਪਰ ਨਿਧਾਨ ਸਿੰਘ ਦੇ ਦੋਸ਼-ਮੁਕਤ ਹੋਣ ਪਿੱਛੋਂ ਸਾਰੀ ਵਿਉਂਤਬੰਦੀ ਧਰੀ-ਧਰਾਈ ਰਹਿ ਗਈ।

ਬਦਲ ਚੁੱਕੀ ਸਥਿਤੀ ਨੂੰ ਧਿਆਨ ਗੋਚਰੇ ਰੱਖਦਿਆਂ ਹਿੰਦੁਸਤਾਨ ਸਰਕਾਰ ਨੇ ਵਾਸ਼ਿੰਗਟਨ ਵਿਚਲੇ ਬਰਤਾਨਵੀ ਰਾਜਦੂਤ ਨੂੰ ਪੱਤਰ ਨੰ: ਡੀ. 3237/32-ਪੁਲਿਟੀਕਲ ਮਿਤੀ 7 ਅਪ੍ਰੈਲ 1932 ਲਿਖਿਆ। ਇਸ ਪੱਤਰ ਵਿਚ ਇਹ ਜਾਣਕਾਰੀ ਸਾਂਝੀ ਕੀਤੀ ਗਈ ਕਿ ਗਦਰ ਪਾਰਟੀ ਦੇ ਪ੍ਰਧਾਨ ਨਿਧਾਨ ਸਿੰਘ ਨੂੰ ਅਮਰੀਕਾ ਵਿਚੋਂ ਕੱਢੇ ਜਾਣ ਬਾਰੇ ਪ੍ਰਵਾਸੀ ਮਹਿਕਮੇ ਦੀ ਸਿਫਾਰਿਸ਼ ਨੂੰ ਅਮਰੀਕਾ ਸਰਕਾਰ ਨੇ ਨਾਮਨਜ਼ੂਰ ਕਰ ਦਿੱਤਾ ਹੈ ਅਤੇ ਉਸ ਦੇ ਵਾਰੰਟ ਰੱਦ ਕਰ ਦਿੱਤੇ ਹਨ, ਜਿਸ ਤੋਂ ਜਾਪਦਾ ਹੈ ਕਿ 1924 ਤੋਂ ਪਹਿਲਾਂ ਅਮਰੀਕਾ ਵਿਚ ਪਹੁੰਚੇ ਪਰਵਾਸੀਆਂ ਨੂੰ ਅਮਰੀਕਾ ਤੋਂ ਕੱਢਣ ਦੀ ਸੰਭਾਵਨਾ ਨਹੀਂ, ਪਰ ਹਿੰਦੁਸਤਾਨ ਸਰਕਾਰ ਚਾਹੁੰਦੀ ਹੈ ਕਿ ਇਸ ਤਰ੍ਹਾਂ ਅਮਰੀਕਾ ਵਿਚੋਂ ਕੱਢਿਆ ਕੋਈ ਵਿਅਕਤੀ ਬਿਨਾਂ ਸਰਕਾਰ ਦੇ ਧਿਆਨ ਵਿਚ ਆਇਆਂ ਮੁਲਕ ਵਿਚ ਦਾਖਲ ਨਾ ਹੋਵੇ, ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਅਮਰੀਕਾ ਵਿਚੋਂ ਕੱਢਿਆ ਜਾਵੇ ਤਾਂ ਉਸ ਬਾਰੇ ਜਾਣਕਾਰੀ ਕਿ ਕਿਸ ਜਹਾਜ਼ ਵਿਚ ਆ ਰਿਹਾ ਹੈ ਅਤੇ ਕਦੋਂ ਹਿੰਸੁਸਤਾਨ ਪਹੁੰਚੇਗਾ, ਆਦਿ ਬਾਰੇ ਸੂਚਨਾ ਇਕ ਹਫਤਾ ਅਗੇਤੀ ਭੇਜੀ ਜਾਵੇ, ਤਾਂ ਜੋ ਕੀਤੀ ਜਾਣ ਵਾਲੀ ਕਾਰਵਾਈ ਦੇ ਪ੍ਰਬੰਧ ਕੀਤੇ ਜਾ ਸਕਣ।

ਗਦਰ ਪਾਰਟੀ ਦੇ ਪ੍ਰਧਾਨ ਵਜੋਂ ਕੀਤਾ ਕੰਮ

ਮੁਕੱਦਮੇ ਦੇ ਝੰਜਟ ਵਿਚੋਂ ਮੁਕਤ ਹੋ ਕੇ ਨਿਧਾਨ ਸਿੰਘ ਨੇ ਆਪਣਾ ਧਿਆਨ ਮੁੜ ਗਦਰ ਪਾਰਟੀ ਦੀਆਂ ਸਰਗਰਮੀਆਂ ਉੱਤੇ ਕੇਂਦਰਤ ਕਰ ਦਿੱਤਾ। ਹਿੰਦੁਸਤਾਨੀ ਲੈਜਿਸਲੇਟਿਵ ਅਸੈਂਬਲੀ ਦਾ ਸਾਬਕਾ ਸਪੀਕਰ ਮਿਸਟਰ ਵੀ. ਜੇ. ਪਟੇਲ ਅਮਰੀਕਾ ਆਇਆ ਤਾਂ ਨਿਧਾਨ ਸਿੰਘ ਨੇ ਉਸ ਨੂੰ ਗਦਰੀਆਂ ਦੀ ਇਕੱਤਰਤਾ ਨੂੰ ਸੰਬੋਧਿਤ ਕਰਨ ਦਾ ਸੱਦਾ ਦਿੱਤਾ। ਇਸ ਮੰਤਵ ਲਈ ਜਨਵਰੀ 1933 ਵਿਚ ਸਟਾਕਟਨ ਵਿਚ ਗਦਰ ਮੀਟਿੰਗ ਹੋਈ, ਜਿਸ ਵਿਚ ਬੋਲਦਿਆਂ ਸ੍ਰੀ ਪਟੇਲ ਨੇ ਗਾਂਧੀ ਦੀ ਅਹਿੰਸਾ ਨੀਤੀ ਦੀ ਨਿੰਦਾ ਕੀਤੀ ਅਤੇ ਹਿੰਦੁਸਤਾਨੀ ਕੌਮੀ ਕਾਂਗਰਸ ਵੱਲੋਂ ਦੇਸ਼ ਦੀ ਆਜ਼ਾਦੀ ਲਈ ਜ਼ੋਰਦਾਰ ਕਾਰਵਾਈ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ।

ਇਸ ਸਾਲ ਕਿਸੇ ਕਾਰਨ ਗਦਰ ਪਾਰਟੀ ਵਿਚ ਮਲਵਈ ਧੜੇ ਦੇ ਸ਼ੇਰ ਸਿੰਘ 'ਪੱਬੀ' ਨੇ ਆਤਮ-ਹੱਤਿਆ ਕਰ ਲਈ ਤਾਂ ਵਿਰੋਧੀਆਂ ਵੱਲੋਂ ਗਦਰੀ ਆਗੂਆਂ ਬਾਰੇ ਕਈ ਪ੍ਰਕਾਰ ਦੀ ਦੂਸ਼ਣਬਾਜ਼ੀ ਕੀਤੀ ਗਈ। ਨਿਧਾਨ ਸਿੰਘ ਨੇ ਗਦਰ ਪਾਰਟੀ ਦਾ ਪੱਖ ਸਪੱਸ਼ਟ ਕਰਨ ਬਾਰੇ ਪੰਜਾਬ ਦੇ ਵਿਭਿੰਨ ਅਖਬਾਰਾਂ, ਰਸਾਲਿਆਂ ਸਮੇਤ ਕੈਲੇਫੋਰਨੀਆ ਵਿਚਲੇ ਅਖਬਾਰਾਂ ਨੂੰ ਵੀ ਇਸ ਬਾਰੇ ਲਿਖਿਆ।

ਪੰਜਾਬ ਵਿਚ ਜਿਹੜੇ ਦੇਸ਼ ਭਗਤ ਸ਼ਹੀਦ ਹੋ ਗਏ ਸਨ ਜਾਂ ਜਿਹੜੇ ਸਾਲਾਂਬੱਧੀ ਅੰਗਰੇਜ਼ ਸਰਕਾਰ ਨੇ ਜੇਲ੍ਹਾਂ ਵਿਚ ਬੰਦ ਕਰ ਰੱਖੇ ਸਨ, ਉਹਨਾਂ ਦੇ ਪਰਵਾਰਾਂ ਦੀ ਸਹਾਇਤਾ ਕਰਨ ਵਾਸਤੇ ਬਾਬਾ ਵਿਸਾਖਾ ਸਿੰਘ ਦੀ ਅਗਵਾਈ ਹੇਠ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਦਾ ਗਠਨ ਹੋ ਚੁੱਕਾ ਸੀ। ਨਿਧਾਨ ਸਿੰਘ ਨੇ ਨਵੰਬਰ 1932 ਵਿਚ ਗਦਰ ਪਾਰਟੀ ਵੱਲੋਂ ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ ਨੂੰ 3,000 ਰੁਪਏ ਭੇਜੇ। ਇਸ ਮੌਕੇ ਉਸ ਨੇ ਆਪਣੇ ਦੋ ਪਤੇ ਦਿੱਤੇ ਇਕ : ਆਰ ਆਈ ਬਾਕਸ 233, ਕੈਲੇਫੋਰਨੀਆ ਅਤੇ ਦੂਜਾ ਗਦਰ ਪਾਰਟੀ ਸਦਰ ਮੁਕਾਮ 5, ਵੁੱਡ ਸਟਰੀਟ, ਕੈਲੇਫੋਰਨੀਆ।

ਜਥੇਬੰਦਕ ਕਾਰਜ

ਭਾਈ ਨਿਧਾਨ ਸਿੰਘ ਦੇ ਉਪਰਾਲੇ ਸਦਕਾ 1935 ਤੱਕ ਗਦਰ ਪਾਰਟੀ ਦੀਆਂ ਵਿਦੇਸ਼ਾਂ ਵਿਚ ਇਹ ਸ਼ਾਖਾਵਾਂ ਸਰਗਰਮ ਹੋ ਗਈਆਂ ਸਨ:

* ਹਿੰਦੁਸਤਾਨੀ ਯੰਗਮੈੱਨ'ਜ਼ ਐਸੋਸੀਏਸ਼ਨ ਵੈਨਕੂਵਰ, ਕੈਨੇਡਾ
* ਹਿੰਦੁਸਤਾਨ ਗਦਰ ਪਾਰਟੀ ਮੈਕਸੀਕੋ ਸ਼ਾਖਾ
* ਹਿੰਦੁਸਤਾਨ ਗਦਰ ਪਾਰਟੀ ਰੋਜ਼ਾਰੀਓ, ਅਰਜਨਟਾਈਨਾ (ਦੱਖਣੀ ਅਮਰੀਕਾ)
* ਗਦਰ ਪਾਰਟੀ ਸ਼ਾਖਾ ਟਾਂਗਾਨੀਕਾ ਖੇਤਰ
* ਗਦਰ ਪਾਰਟੀ ਸ਼ਾਖਾ ਪਨਾਮਾ
* ਗਦਰ ਪਾਰਟੀ ਸ਼ਾਖਾ ਫਿਜ਼ੀ
* ਗਦਰ ਪਾਰਟੀ ਸ਼ਾਖਾ ਨੈਰੋਬੀ (ਕੀਨੀਆ ਬਸਤੀ)
* ਇੰਡੀਅਨ ਯੂਥ ਲੀਗ ਚੀਨ
* ਈਸਟਰਨ ਓਪਰੈੱਸਡ ਪੀਪਲਜ਼ ਐਸੋਸੀਏਸ਼ਨ ਚੀਨ

ਪ੍ਰਕਾਸ਼ਨ ਕਾਰਜ

ਨਿਧਾਨ ਸਿੰਘ 'ਗਦਰ' ਅਖਬਾਰ ਕਾਰਨ ਪਾਰਟੀ ਨੂੰ ਮਿਲੀ ਮਜ਼ਬੂਤੀ ਤੋਂ ਜਾਣੂੰ ਸੀ, ਇਸ ਲਈ ਉਸ ਨੇ ਗਦਰੀ ਪ੍ਰਕਾਸ਼ਨਾਵਾਂ ਵੱਲ ਵੀ ਧਿਆਨ ਦਿੱਤਾ। ਗਦਰ ਪਾਰਟੀ ਦਾ ਅਖਬਾਰ ਹਫਤਾਵਾਰੀ 'ਹਿੰਦੁਸਤਾਨ ਗਦਰ' ਬੰਦ ਹੋ ਚੁੱਕਾ ਸੀ, ਪਰ ਨਿਧਾਨ ਸਿੰਘ ਦੀ ਪ੍ਰਧਾਨਗੀ ਦੇ ਸਮੇਂ ਮੁੜ ਪ੍ਰਕਾਸ਼ਤ ਕੀਤਾ ਜਾਣ ਲੱਗਾ। ਦਸੰਬਰ ਦੇ ਪਰਚੇ ਨੂੰ 'ਪਰਚਾ ਨੰ: 2' ਲਿਖੇ ਜਾਣ ਤੋਂ ਅਨੁਮਾਨ ਲੱਗਦਾ ਹੈ ਕਿ ਇਸ ਦੀ ਛਪਣ ਅਵਦੀ ਹਫਤਾਵਾਰੀ ਦੀ ਥਾਂ ਮਹੀਨਾਵਾਰ ਕੀਤੀ ਗਈ ਸੀ, ਭਾਵੇਂ ਇਸ ਨੂੰ ਨਿਯਮਤ ਨਹੀਂ ਕੀਤਾ ਜਾ ਸਕਿਆ, ਪਰ ਸਮੇਂ-ਸਮੇਂ ਇਸ ਦੇ ਵਿਸ਼ੇਸ਼ ਅੰਕ ਨਿਕਲਦੇ ਰਹੇ। ਜਦ ਲਾਹੌਰ ਸਾਜ਼ਿਸ